Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

MORTGAGE ALLIANCE
Get Pre-Qualified in Minutes* Mortgagealliance.com/ParminderMangat
Parminder Mangat Mortgage Agent | Lic#10530
647-285-9119
pmangat@mortgagealliance.com
20 Maritime Blvd. Unit #11, Brampton, L6S0C2

Vol 18 * Issue 66
Daily Newspaper Thursday, April 04, 2019
Tel: 905-793-2202 Fax: 905-793-2282 news@punjabipost.ca

## ਟੈਰਿਫਜ਼ ਹਟਾਉਣ ਨਾਲ ਨਵੀਂ ਨਾਫਟਾ ਡੀਲ ਸਿਰੇ ਚੜ੍ਹਨ ਦਾ ਰਾਹ ਹੋ ਸਕਦਾ ਹੈ ਪੱਧਰਾ : ਫਰੀਲੈਂਡ



ਓਟਵਾ, 3 ਅਪਰੈਲ (ਪੋਸਟ ਬਿਊਰੋ) : ਅਮਰੀਕਾ ਵੱਲੋਂ ਨਵੀਂ ਨੌਰਥ ਅਮੈਰੀਕਨ ਫਰੀ ਟਰੇਡ ਡੀਲ ਦੀ ਪੁਸ਼ਟੀ ਕਰਵਾਉਣ ਲਈ ਕੈਨੇਡੀਅਨ ਤੇ ਮੈਕਸਿਕਨ ਸਟੀਲ ਉੱਤੇ ਲਾਏ ਗਏ ਟੈਰਿਫਜ਼ ਨੂੰ ਚੁੱਕੇ ਜਾਣ ਲਈ ਅਮਰੀਕਾ ਦੇ ਪ੍ਰਭਾਵਸ਼ਾਲੀ ਸਿਆਸਤਦਾਨਾਂ ਵੱਲੋਂ ਕੀਤੀ ਜਾ ਰਹੀ ਮੰਗ ਉੱਤੇ ਵਿਦੇਸ਼ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਖੁਸ਼ੀ ਪ੍ਰਗਟਾਈ ਗਈ।

ਬੁੱਧਵਾਰ ਨੂੰ ਫਰੀਲੈਂਡ ਨੇ ਆਖਿਆ ਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਅਮਰੀਕੀ ਕਾਨੂੰਨ ਦੇ ਵਿਵਾਦਗ੍ਰਸਤ ਨੈਸ਼ਨਲ ਸਕਿਊਰਿਟੀ ਪ੍ਰਬੰਧ ਦੇ ਨਾਂ ਉੱਤੇ ਕੈਨੇਡਾ ਤੇ ਮੈਕਸਿਕੋ ਉੱਤੇ ਮੜ੍ਹੇ ਗਏ ਇਹ ਟੈਰਿਫਜ਼ ਇਸ ਡੀਲ ਵਿੱਚ ਵੱਡਾ ਅੜਿੱਕਾ ਹਨ। ਉਨ੍ਹਾਂ ਆਖਿਆ ਕਿ ਇਹ ਟੈਰਿਫ ਹੀ ਇਸ ਡੀਲ ਦੀ ਪੁਸ਼ਟੀ ਵਿੱਚ ਵੱਡਾ ਅੜਿੱਕਾ ਬਣ ਰਹੇ ਹਨ।

ਫਰੀਲੈਂਡ ਨੇ ਦੱਸਿਆ ਕਿ ਹੁਣ ਅਮਰੀਕੀ ਨੀਤੀਘਾੜਿਆਂ ਵੱਲੋਂ ਵੀ ਇਹ ਆਖਿਆ ਜਾ ਰਿਹਾ ਹੈ ਕਿ ਸੈਕਸ਼ਨ 232 ਟੈਰਿਫਜ਼ ਲਾਗੂ ਰਹਿਣ ਕਾਰਨ ਹੀ ਇਹ ਨਵੀਂ ਤਿੱਪਖੀ ਟਰੇਡ ਡੀਲ ਸਿਰੇ ਨਹੀਂ ਚੜ੍ਹ ਪਾ ਰਹੀ। ਫਰੀਲੈਂਡ ਨੇ ਆਖਿਆ ਕਿ ਇਸ ਦੀ ਉਨ੍ਹਾਂ ਨੂੰ ਕਾਫੀ ਖੁਸ਼ੀ ਹੋਈ ਹੈ। ਵਾਸ਼ਿੰਗਟਨ ਵਿੱਚ ਨਾਟੋ ਸਿਖਰ ਵਾਰਤਾ ਵਿੱਚ ਹਿੱਸਾ ਲੈਣ ਜਾਣ ਤੋਂ ਪਹਿਲਾਂ ਓਟਵਾ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਅਮਰੀਕਾ ਦੇ ਕਈ ਸੈਨੇਟਰਜ਼, ਕਾਂਗਰਸ ਮੈਂਬਰਜ਼ ਹੁਣ ਪ੍ਰਾਈਵੇਟ ਮੀਟਿੰਗਾਂ ਤੇ ਜਨਤਕ ਬਿਆਨਾਂ ਵਿੱਚ ਇਨ੍ਹਾਂ ਟੈਰਿਫਜ਼ ਨੂੰ ਹਟਾਉਣ ਦੀ ਕੈਨੇਡਾ ਦੀ ਮੰਗ ਦਾ ਸਮਰਥਨ ਕਰਨ ਲੱਗੇ ਹਨ।

ਨਾਟੋ ਸਿਖਰ ਵਾਰਤਾ ਵਿੱਚ ਵੀ ਫਰੀਲੈਂਡ ਵੱਲੋਂ ਇਹ ਮੁੱਦਾ ਉਠਾਏ ਜਾਣ ਦੀ ਸੰਭਾਵਨਾ ਹੈ। ਫਰੀਲੈਂਡ ਨੇ ਆਖਿਆ ਕਿ ਇਸ ਡੀਲ ਨੂੰ ਸਿਰੇ ਚੜ੍ਹਾਉਣ ਲਈ ਟੈਰਿਫਜ਼ ਹਟਾਏ ਜਾਣੇ ਚਾਹੀਦੇ ਹਨ। ਜ਼ਿਕਰਯੋਗ ਹੈ ਕਿ ਇਸ ਹਫਤੇ ਲੋਵਾ ਤੋਂ ਇੱਕ ਪ੍ਰਭਾਵਸ਼ਾਲੀ ਰਿਪਬਲਿਕਨ ਸੈਨੇਟਰ ਨੇ ਟਵਿੱਟਰ ਉੱਤੇ ਪੋਸਟ ਕਰਕੇ ਇਨ੍ਹਾਂ ਪਾਬੰਦੀਆਂ ਨੂੰ ਹਟਾਏ ਜਾਣ ਦੀ ਮੰਗ ਕੀਤੀ ਸੀ। ਸੈਨੇਟ ਦੀ ਫਾਇਨਾਂਸ ਕਮੇਟੀ ਦੇ ਚੇਅਰ ਚੱਕ ਗ੍ਰੈਸਲੀ ਨੇ ਇਹ ਲਿਖਿਆ ਸੀ ਕਿ ਉਹ ਅਮਰੀਕੀ ਪ੍ਰਸ਼ਾਸਨ ਤੇ ਖਾਸ ਤੌਰ ਉੱਤੇ ਰਾਸ਼ਟਰਪਤੀ ਟਰੰਪ ਤੋਂ ਇਹ ਮੰਗ ਕਰਦੇ ਹਨ ਕਿ ਕੈਨੇਡਾ ਤੇ ਮੈਕਸਿਕੋ ਦੇ ਸਟੀਲ ਤੇ ਐਲੂਮੀਨੀਅਮ ਉੱਤੇ ਸੈਕਸ਼ਨ 232 ਤਹਿਤ ਲਾਏ ਗਏ ਟੈਰਿਫਜ਼ ਫੌਰੀ ਹਟਾਏ ਜਾਣ। ਇਸ ਨਾਲ ਹੀ ਯੂਐਸਐਮਸੀਏ ਸਮਝੌਤੇ ਦਾ ਰਾਹ ਪੱਧਰਾ ਹੋਵੇਗਾ।

## ਡੈਮੋਕ੍ਰੈਟਸ ਵੱਲੋਂ ਗੱਲਬਾਤ ਮੁੜ ਸ਼ੁਰੂ ਕਰਨ ਦੀ ਮੰਗ ਕਾਰਨ ਨਵੀਂ ਨਾਫਟਾ ਡੀਲ ਖਤਰੇ ’ਚ

ਵਾਸ਼ਿੰਗਟਨ, 3 ਅਪਰੈਲ (ਪੋਸਟ ਬਿਊਰੋ) : ਨਵੀਂ ਨਾਫਟਾ ਡੀਲ ਸਿਰੇ ਚੜ੍ਹਨ ਦੇ ਰਾਹ ਵਿੱਚ ਇੱਕ ਵਾਰੀ ਫਿਰ ਅੜਿੱਕਾ ਆ ਗਿਆ ਹੈ। ਅਮਰੀਕਾ ਦੀ ਹਾਊਸ ਸਪੀਕਰ ਨੈਂਸੀ ਪੈਲੋਸੀ ਵੱਲੋਂ ਇਹ ਐਲਾਨ ਕੀਤਾ ਗਿਆ ਹੈ ਕਿ ਜਦੋਂ ਤੱਕ ਮੈਕਸਿਕੋ ਆਪਣੇ ਲੇਬਰ ਕਾਨੂੰਨਾਂ ਵਿੱਚ ਤਬਦੀਲੀ ਨਹੀਂ ਕਰਦਾ ਉਦੋਂ ਤੱਕ ਕਾਂਗਰਸ ਵਿੱਚ ਇਸ ਮਾਮਲੇ ਵਿੱਚ ਕੋਈ ਵੋਟਿੰਗ ਨਹੀਂ ਹੋਵੇਗੀ।

ਵਾਸ਼ਿੰਗਟਨ, ਡੀਸੀ ਵਿੱਚ ਇੱਕ ਈਵੈਂਟ ਵਿੱਚ ਹਿੱਸਾ ਲੈਣ ਪਹੁੰਚੀ ਪੈਲੋਸੀ ਨੇ ਆਖਿਆ ਕਿ ਡੈਮੋਕ੍ਰੈਟਸ ਦੀ ਤਸੱਲੀ ਕਰਵਾਉਣ ਲਈ ਨਵੀਂ ਟਰੇਡ ਡੀਲ ਨੂੰ ਮੁੜ ਖੋਲ੍ਹਿਆ ਜਾ ਸਕਦਾ ਹੈ। ਪਰ ਅਮਰੀਕਾ ਵਿੱਚ ਕੈਨੇਡਾ ਦੇ ਅੰਬੈਸਡਰ ਡੇਵਿਡ ਮੈਕਨੌਟਨ ਦਾ ਕਹਿਣਾ ਹੈ ਕਿ ਅਜਿਹਾ ਨਹੀਂ ਹੋ ਸਕਦਾ। ਮੰਗਲਵਾਰ ਨੂੰ ਕੈਪੀਟਲ ਹਿੱਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੈਕਨੌਟਨ ਨੇ ਆਖਿਆ ਕਿ ਅਸੀਂ ਇਹ ਆਖ ਚੁੱਕੇ ਹਾਂ ਕਿ ਡੀਲ, ਡੀਲ ਹੁੰਦੀ ਹੈ ਤੇ ਅਸੀਂ ਇਸ ਨੂੰ ਦੁਬਾਰਾ ਨਹੀਂ ਖੋਲ੍ਹਣ ਜਾ ਰਹੇ।

ਬੰਦ ਦਰਵਾਜ਼ਿਆਂ ਵਿੱਚ ਮੈਕਨੌਟਨ ਨੇ ਆਖਿਆ ਕਿ ਉਹ ਅਮਰੀਕੀ ਨੀਤੀਘਾੜਿਆਂ ਨੂੰ ਇਹ ਚੇਤੇ ਕਰਵਾਉਣਾ ਚਾਹੁੰਦੇ ਹਨ ਕਿ ਘੜੀ ਆਪਣੀ ਰਫਤਾਰ ਨਾਲ ਚੱਲ ਰਹੀ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵਿੱਚ ਫੈਡਰਲ ਚੋਣਾਂ ਤੋਂ ਪਹਿਲਾਂ ਤੇ ਪਾਰਲੀਆਮੈਂਟ ਦੀਆਂ ਮੱਧ ਜੂਨ ਵਿੱਚ ਹੋਣ ਜਾ ਰਹੀਆਂ ਛੁੱਟੀਆਂ ਤੋਂ ਪਹਿਲਾਂ ਨਾਫਟਾ ਦੇ ਬਦਲ ਵਜੋਂ ਯੂਐਸ-ਮੈਕਸਿਕੋ-ਕੈਨੇਡਾ ਅਗਰੀਮੈਂਟ (ਯੂਐਸਐਮਸੀਏ) ਦੀ ਪੁਸ਼ਟੀ ਹੋਣੀ ਜ਼ਰੂਰੀ ਹੈ। ਮੈਕਨੌਟਨ ਨੇ ਆਖਿਆ ਕਿ ਜੇ ਇਸ ਡੀਲ ਦੀ 14 ਜੂਨ ਤੱਕ ਪੁਸ਼ਟੀ ਨਹੀਂ ਹੁੰਦੀ ਤਾਂ ਇਸ ਡੀਲ ਨੂੰ ਸਿਰੇ ਚੜ੍ਹਨ ਵਿੱਚ ਕਈ ਸਾਲ ਲੱਗ ਜਾਣਗੇ।

## ਲਿਬਰਲ ਕਾਕਸ ਤੋਂ ਕੱਢੇ ਜਾਣ ਤੋਂ ਨਿਰਾਸ਼ ਹਨ ਰੇਅਬੋਲਡ ਤੇ ਫਿਲਪੌਟ



ਓਟਵਾ, 3 ਅਪਰੈਲ (ਪੋਸਟ ਬਿਊਰੋ) : ਐਮਪੀਜ਼ ਜੋੜੀ ਵਿਲਸਨ ਰੇਅਬੋਲਡ ਤੇ ਜੇਨ ਫਿਲਪੌਟ ਬੁੱਧਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਆਪਣਾ ਸਿਰ ਉੱਚਾ ਚੁੱਕੇ ਕੇ ਹੋਰਨਾਂ ਆਜ਼ਾਦ ਐਮਪੀਜ਼ ਦੇ ਨਾਲ ਬੈਠੀਆਂ। ਦੂਜੇ ਪਾਸੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਨਾਰੀਵਾਦੀ ਹੋਣ ਦੇ ਆਪਣੇ ਦਾਅਵਿਆਂ ਨੂੰ ਸੱਚ ਸਿੱਧ ਕਰਨ ਲਈ ਭਾਅ ਦੀ ਬਣੀ ਰਹੀ। ਇਸ ਦੇ ਨਾਲ ਹੀ ਸਿਆਸਤ ਨਾਲ ਜੁੜੀਆਂ ਦਰਜਨਾਂ ਹੋਰ ਮਹਿਲਾਵਾਂ ਵੱਲੋਂ ਟਰੂਡੋ ਨੂੰ ਸ਼ਾਂਤਮਈ ਰੋਸ ਦਾ ਵੀ ਸਾਹਮਣਾ ਕਰਨਾ ਪਿਆ।

ਵਿਲਸਨ ਰੇਅਬੋਲਡ ਨਾਲ ਪ੍ਰਸ਼ਨ ਕਾਲ ਵਿੱਚ ਹਿੱਸਾ ਲੈਣ ਜਾਂਦੇ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਿਲਪੌਟ ਨੇ ਆਖਿਆ ਕਿ ਇਹ ਬੜੀ ਹੀ ਮੰਦਭਾਗੀ ਗੱਲ ਹੈ ਕਿ ਇਸ ਦਾ ਨਤੀਜਾ ਇਹੋ ਜਿਹਾ ਨਿਕਲਿਆ ਪਰ ਸਾਨੂੰ ਸਿਆਸਤ ਵਿੱਚ ਮੁਸ਼ਕਲ ਫੈਸਲੇ ਕਰਨੇ ਪੈਂਦੇ ਹਨ। ਸਿਆਸਤ ਵਿੱਚ ਜੋ ਕੁੱਝ ਵਾਪਰਦਾ ਹੈ ਕਈ ਵਾਰੀ ਉਹ ਤੁਹਾਡੇ ਨਿਯੰਤਰਣ ਵਿੱਚ ਨਹੀਂ ਹੁੰਦਾ। ਪਰ ਤੁਹਾਨੂੰ ਆਪਣਾ ਸਿਰ ਨੀਵਾਂ ਨਹੀਂ ਹੋਣ ਦੇਣਾ ਚਾਹੀਦਾ। ਦਿਨ ਖਤਮ ਹੋਣ ਉੱਤੇ ਤੁਹਾਨੂੰ ਇਹ ਮਹਿਸੂਸ ਹੋਣਾ ਚਾਹੀਦਾ ਹੈ ਕਿ ਜਿਹੜਾ ਰਾਹ ਤੁਸੀਂ ਚੁਣਿਆ ਤੇ ਜਿਹੜਾ ਫੈਸਲਾ ਤੁਸੀਂ ਕੀਤਾ ਉਹ ਉਸ ਸਮੇਂ ਦੇ ਹਾਲਾਤ ਵਿੱਚ ਸਾਰਿਆਂ ਨਾਲੋਂ ਬਿਹਤਰ ਸੀ।

ਜ਼ਿਕਰਯੋਗ ਹੈ ਕਿ ਟਰੂਡੋ ਨੇ ਮੰਗਲਵਾਰ ਨੂੰ ਲਿਬਰਲ ਕਾਕਸ ਦੀਆਂ ਦੋ ਅਹਿਮ ਹਸਤੀਆਂ ਰਹਿ ਚੁੱਕੀਆਂ ਇਨ੍ਹਾਂ ਦੋਵਾਂ ਮਹਿਲਾਵਾਂ ਨੂੰ ਕਾਕਸ ਵਿੱਚੋਂ ਕੱਢ ਦਿੱਤਾ ਸੀ।

. ..ਬਾਕੀ ਪੰਨਾ 6 ’ਤੇ

## ਇੰਸ਼ੋਰੈਂਸ ਕੰਪਨੀਆਂ ਵੱਲੋਂ ਡਰਾਈਵਰਾਂ ਦੀ ਕੀਤੀ ਜਾ ਰਹੀ ਲੁੱਟ ਰੋਕਣ ਲਈ ਐਨਡੀਪੀ ਐਮਪੀਪੀ ਵੱਲੋਂ ਬਿੱਲ ਪੇਸ਼

ਕੁਈਨਜ਼ ਪਾਰਕ, 3 ਅਪਰੈਲ (ਪੋਸਟ ਬਿਊਰੋ) : ਬਲੈਕ ਰਿਵਰ-ਹੰਬਰ ਕ੍ਰੀਕ ਤੋਂ ਐਨਡੀਪੀ ਐਮਪੀਪੀ ਤੇ ਮੁੱਖ ਵਿਰੋਧੀ ਧਿਰ ਦੇ ਗਵਰਮੈਂਟ ਐਂਡ ਕੰਜ਼ਿਊਮਰ ਸਰਵਿਸਿਜ਼ ਕ੍ਰਿਟਿਕ ਟੌਮ ਰੈਕੋਸੈਵਿਕ ਵੱਲੋਂ ਓਨਟਾਰੀਓ ਦੇ ਡਰਾਈਵਰਾਂ ਦੀ ਆਟੋ ਇੰਸ਼ੋਰੈਂਸ ਕੰਪਨੀਆਂ ਵੱਲੋਂ ਹੋ ਰਹੀ ਲੁੱਟ ਨੂੰ ਰੋਕਣ ਲਈ ਇਨ੍ਹਾਂ ਕੰਪਨੀਆਂ ਦੇ ਪ੍ਰੌਫਿਟ ਮਾਰਜਿਨਜ਼ ਉੱਤੇ ਨਕੇਲ ਕੱਸਣ ਵਾਸਤੇ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ ਗਿਆ ਹੈ।

2018 ਵਿੱਚ ਇੱਕ ਅਧਿਐਨ ਤੋਂ ਸਾਹਮਣੇ ਆਇਆ ਸੀ ਕਿ ਓਨਟਾਰੀਓ ਵਾਸੀ ਪੰਜ ਸਾਲਾਂ ਦੇ ਅਰਸੇ ਵਿੱਚ ਆਟੋ ਇੰਸ਼ੋਰੈਂਸ ਕੰਪਨੀਆਂ ਨੂੰ ਉਸ ਨਾਲੋਂ 5 ਬਿਲੀਅਨ ਡਾਲਰ ਵਧੇਰੇ ਅਦਾ ਕਰ ਚੁੱਕੇ ਹਨ ਜਿੰਨੇ ਉਨ੍ਹਾਂ ਨੂੰ ਅਸਲ ਵਿੱਚ ਕਰਨੇ ਚਾਹੀਦੇ ਸਨ। ਜੇ ਇਹ ਲੋਅਰ ਆਟੋਮੋਬਾਈਲ ਇੰਸ਼ੋਰੈਂਸ



ਰੇਟਜ਼ ਐਕਟ ਬਿੱਲ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਪ੍ਰੀਮੀਅਮਜ਼ ਘਟਾਉਣ ਵਿੱਚ ਮਦਦ ਮਿਲੇਗੀ। ਰੈਕੋਸੈਵਿਕ ਨੇ ਆਖਿਆ ਕਿ ਐਨੀਆਂ ਉੱਚੀਆਂ ਆਟੋ ਇੰਸ਼ੋਰੈਂਸ ਦਰਾਂ ਤੋਂ ਰਾਹਤ ਹਾਸਲ ਕਰਨ ਲਈ ਓਨਟਾਰੀਓ ਵਾਸੀ ਹੋਰ ਲੰਮੀਂ ਉਡੀਕ ਨਹੀਂ ਕਰ ਸਕਦੇ। ਓਨਟਾਰੀਓ ਨੂੰ ਆਪਣਾ ਘਰ ਬਣਾਉਣ ਲਈ ਡਰਾਈਵਰਾਂ ਨੂੰ ਐਨੇ ਉੱਚੇ ਪ੍ਰੀਮੀਅਮ ਭਰਨ ਦੀ ਸਜ਼ਾ ਨਹੀਂ ਮਿਲਣੀ ਚਾਹੀਦੀ।

. ..ਬਾਕੀ ਪੰਨਾ 6 ’ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth R.I.B.O
Address: 1550 South Gateway Rd. Suite 220 Mississauga, ON L4W 5G6

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

INSURANCE
Home Auto
Business Trucking
R.E.S.P Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

ਕੀ ਤੁਸੀ ਕਾਕਰੋਚ, ਚੂੱਹੇ, ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋ ਤੇ ਬੈਡ ਬੱਗਾਂ ਨੇ ਤੁਹਾਡੀ ਰਾਤਾਂ ਦੀ ਨਿੰਦ੍ਹ ਖਰਾਬ ਕੀਤੀ ਹੋਈ ਹੈ?
ਟਰੀਟਮੈਂਟ ਕਰਵਾਈ ਸੀ ਪਰ ਬਣੀ ਨੀ ਗੱਲ? ਤਾਂ ਘਬਰਾਓ ਨਾ ਟਰਾਂਟੋ ਪੈਸਟ ਅਰੈਸਟ ਵਾਲੇ ਕਰਨਗੇ ਪੱਕਾ ਹਲ !
Toronto Pest Arrest
Pest Control Services
Residential /Commercial/Industrial
ਕਾਲ ਕਰੋ: 647-515-8000
ਘੱਟ ਕੀਮਤ ਦੀ ਨਹੀ, ਪਰ ਸਿੱਕੇ ਬੰਦ ਕੰਮ ਦੀ ਗਰੰਟੀ ਹੈ
*Insured & Licensed

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.7500
900 Raylawson Blvd. Unit # 6, Brampton

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL (Government Approved Licensed Technician)
416 938 4598

KELLEY LAW OFFICE
Immigration
Real Estate
Family Law
Business Closing
Corporate
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

HSBA TAX SERVICES
Personal/Corporation Tax
Bookkeeping Services
Business/Corporation Registration
HST/WSIB/ Payroll Tax
Tax Planning/Audits
Financial Statements
647-720-5278 Email: info@hsbatax.com
Prabhjot Kaur Sr. Accountant, M.B.A
20% Discount *For Students, New Immigrants and Senior Citizens
100 Maritime Ontario Blvd., Unit 77, Brampton, ON L6S 0E7

ਕੀ ਤੁਸੀ ਕਿੜੇ-ਮੁਕੌੜਿਆਂ ਤੋ ਪਰੇਸ਼ਾਨ ਹੋਂ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE
100% Customer Satisfaction
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator
647.990.3205

INSURANCE
Punjab Insurance Inc
Life / Disability / Critical Illness
Super Visa / Visitor / Travel /
RRSP / RESP /
SHEVINDER SIDHU Insurance Advisor
416-557-8080
shevindersidhu@gmail.com
10-7003 Steeles Ave. West, Etobicoke

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licensed Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001



PUNJAB SINDH FINANCE
TRUCK/TRAILER LOAN & REFINANCE

PUNJABSINDH FINANCE PSF EVERY $ MAKES A DIFFERENCE

ਨਵੇਂ ਪੁਰਾਣੇ ਟ੍ਰਕਾਂ/ਟ੍ਰੈਲਰਾਂ ਦੀ ਕੁਝ ਹੀ ਘੰਟਿਆਂ ਵਿੱਚ
Financing/Refinancing ਦਾ ਪੂਰਾ ਪ੍ਰਬੰਦ

- Quick Loan Approval Guranteed
- Bad credit........ No Problem
- Low Down Payment
- Lowest Rate of Interest
- Paper Work...... Minimum
- Best Flexible Terms & Conditions

Gary Chatha
President
647.227.3385
info@punjabsindhfinance.com
905.440.0000

6665 Tomken Rd #202, Mississauga, ON L5T 2C5 (Tomken/Midway)

TOTAL HOME Windows & Doors
ਮਨ ਪਸੰਦ ਦੀਆਂ ਖਿੜਕੀਆਂ ਤੇ ਦਰਵਾਜੇ ਲਗਵਾਉ ਤੇ ਢੇਰ ਸਾਰੀ ਬਚਤ ਪਾਓ!

WINTER & SPRING SPECIAL SALE

- WINDOWS
- FIBERGLASS DOORS
- STEEL DOORS
- SLIDING PATIO DOORS

Guaranteed lowest Price up to 50% OFF

- Honest & fair prices
- Professional installation
- High quality products
- First class service



For 5 Stars Reviews Online & Testimonial visit:
https://thwindowsdoors.com/testimonials/

Phone: 416-661-6666 | Toll Free: 1-855-550-0610
7250 Keele street, Unit 167, Vaughan, ON. L4K 1Z8
Email: info@thwindowsdoors.com | Web: thwindowsdoors.com

JR Chartered Professional Accountant
Rajwinder Johal
PROFESSIONAL CORPORATION

TAX SEASON!!!
For all your Accounting and Tax needs call 416 823 2556

Services offered:
- Personal Taxes starting at $40
- New business incorporation starting at $50
- Corporate taxes starting at $100
- Full Charge Bookkeeping and Accounting (monthly rate starting at $100), includes following: Accounts Receivable/ Payable/ Bank and Credit Card Reconciliations. Payroll preparation and source deduction filing. HST and WSIB registration Government remittances (HST/ ROE/ all T - slips and T4s. ***QuickBooks online will be used, which provides you with an access to you books from anywhere the world.***

Please contact me today for more information!
Or visit my website: www.rjohalcpa.ca or Call (416) 823 2556.

ਮੂੰਹੋ ਬੋਲਦੀ Kitchen and Washroom ਬਣਵਾਓ

Pearson
Kitchen & Cabinet

Free Estimate
We Specialize in granite, quartz & marble countertops





We Specialize In:
100% Satisfaction On Time

- Kitchen Cabinets, Pantries & Floor tiles
- All Types of Range Hoods (etc.Heavy Duty, Noiseless)
- Installation of Washroom Vanities, Showers and bathroom tiles
- Many Counter-top options to choose from (Granite, Marble, Quartz; etc.)
- Custom Office Counters & Bar Installation
- We install all kinds of tiles and hardwood floor

ਵਾਜਿਬ ਦਾਮ ਤੇ ਸਮੇਂ ਸਿਰ ਕੰਮ
Call Vikramjit Sangha: 416-200-0931

Special Discount for Contractors | Buy Direct From The Factory
271 - Glidden Rd. Unit#5, Brampton (Kennedy&Glidden)

Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਆਈਆਂ ਚੋਣਾਂ, ਮਾਹੌਲ ਕੁਝ ਭਖਣ ਲੱਗਾ,
ਲੀਡਰ ਟਿਕਟ ਲਈ ਪੇਚ ਲੜਾਉਣ ਲੱਗੇ।
ਵੱਡੇ ਲੀਡਰ ਦੀ ਮਿੰਨਤ ਕੁਝ ਕਰਨ ਲੱਗੇ,
ਝੁਕ-ਝੁਕ ਪੈਰਾਂ ਨੂੰ ਹੱਥ ਵੀ ਲਾਉਣ ਲੱਗੇ।
ਕਿਸੇ ਆਗੂ ਦੇ ਕੁੜਮ ਤੱਕ ਪਹੁੰਚ ਕੀਤੀ,
ਉਸ ਦੇ ਕੋਲੋਂ ਹਨ ਫੋਨ ਕਰਵਾਉਣ ਲੱਗੇ।
ਕਿਸੇ ਸਾਧ ਦੇ ਡੇਰੇ ਕੋਈ ਪਹੁੰਚ ਗਏ ਈ,
ਦਲਾਲੀ ਸਾਧ ਹਨ ਕਰਨ-ਕਰਾਉਣ ਲੱਗੇ।
ਫਿਰ ਵੀ ਜਿਨ੍ਹਾਂ ਦੀ ਬਣੀ ਨਹੀਂ ਗੱਲ ਹਾਲੇ,
ਬਗਾਵਤ ਕਰਨ ਦੀ ਖਬਰ ਛਪਾਉਣ ਲੱਗੇ।
ਟਿਕਟ ਵਾਲੇ ਤੋਂ ਖਿੱਚਣ ਨੂੰ ਨਕਦ-ਨਾਵਾਂ,
ਹੋ ਗਏ ਖਰਚ ਦੀ ਲਿਸਟ ਬਣਾਉਣ ਲੱਗੇ।

ਤੀਸ ਮਾਰ ਖਾਂ

# ਆਜ਼ਾਦ ਉਮੀਦਵਾਰ ਵਜੋਂ ਰੇਅਬੋਲਡ ਦਾ ਸਮਰਥਨ ਕਰਨਗੇ ਵੈਨਕੂਵਰ ਦੇ ਸਮਰਥਕ



ਵੈਨਕੂਵਰ, 3 ਅਪਰੈਲ (ਪੋਸਟ ਬਿਊਰੋ) : ਜੋਡੀ ਵਿਲਸਨ ਰੇਅਬੋਲਡ ਦੇ ਵੈਨਕੂਵਰ-ਗ੍ਰੈਨਵਿੱਲੇ ਹਲਕੇ ਦੇ ਉਨ੍ਹਾਂ ਦੇ ਸਮਰਥਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਗੱਲ ਨਾਲ ਕਾਫੀ ਨਿਰਾਸ਼ਾ ਹੋਈ ਹੈ ਕਿ ਉਨ੍ਹਾਂ ਨੂੰ ਲਿਬਰਲ ਕਾਕਸ ਤੋਂ ਬਾਹਰ ਕੱਢ ਦਿੱਤਾ ਗਿਆ ਹੈ। ਪਰ ਇਨ੍ਹਾਂ ਸਮਰਥਕਾਂ ਦਾ ਕਹਿਣਾ ਹੈ ਕਿ ਜੇ ਰੇਅਬੋਲਡ ਫੈਡਰਲ ਚੋਣਾਂ ਵਿੱਚ ਆਜ਼ਾਦ ਉਮੀਦਵਾਰ ਵਜੋਂ ਹਿੱਸਾ ਲਵੇਗੀ ਤਾਂ ਉਹ ਉਸ ਦਾ ਸਮਰਥਨ ਕਰਨਗੇ।

ਦੱਖਣੀ ਵੈਨਕੂਵਰ ਵਿੱਚ ਮਾਰਪੋਲ ਓਕਰਿੱਜ ਫੈਮਿਲੀ ਪਲੇਸ ਦੀ ਡਾਇਰੈਕਟਰ ਟਰੇਸੀ ਬੇਸ਼ਾਰਾ ਨੇ ਆਖਿਆ ਕਿ ਉਹ ਰੇਅਬੋਲਡ ਨੂੰ ਮਿਲ ਚੁੱਕੀ ਹੈ ਤੇ ਉਹ ਬਹੁਤ ਹੀ ਜਜ਼ਬੇ ਵਾਲੀ ਮਹਿਲਾ ਹੈ। ਬੇਸ਼ਾਰਾ ਨੇ ਆਖਿਆ ਕਿ ਜੋ ਕੁੱਝ ਵੀ ਰੇਅਬੋਲਡ ਨਾਲ ਹੋ ਰਿਹਾ ਹੈ ਉਹ ਬਹੁਤ ਹੀ ਨਿਰਾਸ਼ਾਜਨਕ ਹੈ ਤੇ ਅਸੀਂ ਵਿਲਸਨ ਦਾ ਪੂਰੀ ਤਰ੍ਹਾਂ ਸਮਰਥਨ ਕਰਦੇ ਹਾਂ। ਉਹ ਬਹੁਤ ਹੀ ਇਮਾਨਦਾਰ ਹੈ, ਦਮਦਾਰ ਹੈ ਤੇ ਤੁਹਾਨੂੰ ਸਿੱਕੇ ਦੇ ਦੋਵੇਂ ਰੂਪ ਵਿਖਾ ਸਕਦੀ ਹੈ। ਉਹ ਤੁਹਾਨੂੰ ਉਹ ਨਹੀਂ ਆਖੇਗੀ ਜੋ ਤੁਸੀਂ ਸੁਣਨਾ ਚਾਹੁੰਦੇ ਹੋਂ ਸਗੋਂ ਸੱਚ ਦੱਸੇਗੀ। ਬਹੁਤ ਸਾਰੇ ਸਿਆਸਤਦਾਨ ਅਜਿਹਾ ਨਹੀਂ ਕਰਦੇ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅੱਜ ਇਹ ਐਲਾਨ ਕੀਤਾ ਸੀ ਕਿ ਵਿਲਸਨ ਰੇਅਬੋਲਡ ਤੇ ਜੇਨ ਫਿਲਪੌਟ ਨੂੰ ਲਿਬਰਲ ਕਾਕਸ ਵਿੱਚੋਂ ਕੱਢਿਆ ਜਾਂਦਾ ਹੈ। ਕੁੱਝ ਪਲ ਬਾਅਦ ਹੀ ਲਿਬਰਲ ਐਮਪੀਜ਼ ਨੇ ਹੰਗਾਮੀ ਮੀਟਿੰਗ ਕਰਕੇ ਆਪਣੀ ਹੋਣੀ ਬਾਰੇ ਵਿਚਾਰ ਵਟਾਂਦਰਾ ਵੀ ਕੀਤਾ।

# ਪੰਜਾਬ ਤੇ ਹਰਿਆਣਾ ਨੂੰ ਅਦਾਲਤ ਦੀ ਉਲੰਘਣਾ ਦਾ ਨੋਟਿਸ ਜਾਰੀ

ਚੰਡੀਗੜ੍ਹ, 3 ਅਪ੍ਰੈਲ (ਪੋਸਟ ਬਿਊਰੋ)- ਸਟੇਟ ਹਾਈਵੇਜ਼ ਉਤੇ ਸ਼ਰਾਬ ਦੇ ਠੇਕਿਆਂ ਨੂੰ ਬੰਦ ਕਰਵਾਉਣ ਸਬੰਧੀ ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਨਾ ਹੋਣ ਕਾਰਨ ਪੰਜਾਬ ਹਰਿਆਣਾ ਹਾਈ ਕੋਰਟ ਨੇ ਪੰਜਾਬ, ਹਰਿਆਣਾ ਤੇ ਨੈਸ਼ਨਲ ਹਾਈਵੇ ਅਥਾਰਿਟੀ ਨੂੰ ਅਦਾਲਤੀ ਉਲੰਘਣਾ ਦੇ ਨੋਟਿਸ ਜਾਰੀ ਕੀਤੇ ਹਨ।

ਸਵੈ ਸੇਵੀ ਸੰਸਥਾ ਅਰਾਈਵ ਸੇਫ ਵੱਲੋਂ ਦਾਇਰ ਕੀਤੀ ਉਲੰਘਣਾ ਪਟੀਸ਼ਨ 'ਚ ਕਿਹਾ ਗਿਆ ਹੈ ਕਿ ਹਾਈ ਕੋਰਟ ਵੱਲੋਂ ਨੈਸ਼ਨਲ ਅਤੇ ਸਟੇਟ ਹਾਈਵੇਜ਼ ਉੱਤੇ ਸ਼ਰਾਬ ਦੇ ਠੇਕਿਆਂ ਨੂੰ ਬੰਦ ਕਰਵਾਉਣ ਸਬੰਧੀ 27 ਮਾਰਚ 2008 ਨੂੰ ਜਾਰੀ ਕੀਤੇ ਸਪੱਸ਼ਟ ਹੁਕਮਾਂ ਦੇ ਬਾਵਜੂਦ ਪੰਜਾਬ ਤੇ ਹਰਿਆਣਾ ਦੋਵਾਂ ਰਾਜਾਂ ਵਿੱਚ ਹਾਈਵੇਜ਼ ਉਤੇ ਠੇਕੇ ਮੌਜੂਦ ਹਨ। ਸੰਸਥਾ ਦੇ ਪ੍ਰਧਾਨ ਹਰਮਨ ਸਿੱਧੂ ਵੱਲੋਂ ਦਾਇਰ ਕੀਤੀ ਇਸ ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ ਨੈਸ਼ਨਲ ਹਾਈਵੇਜ਼ ਉਤੇ ਸ਼ਰਾਬ ਦੇ ਠੇਕਿਆਂ ਵੱਲੋਂ ਕੀਤੇ ਕਬਜ਼ਿਆਂ ਦਾ ਗੰਭੀਰ ਮੁੱਦਾ ਠੇਕਿਆਂ ਨੂੰ ਜਾਂਦੇ ਨਾਜਾਇਜ਼ ਰਸਤੇ ਹਨ। ਅਪੀਲ ਕਰਤਾ ਨੇ ਕਿਹਾ ਕਿ ਸ਼ਰਾਬ ਦੇ ਠੇਕਿਆਂ ਕਾਰਨ ਆਵਾਜਾਈ ਪ੍ਰਭਾਵਿਤ ਹੁੰਦੀ ਹੈ ਤੇ ਕਈ ਵਾਰ ਜਾਮ ਵਰਗੀ ਸਥਿਤੀ ਵੀ ਪੈਦਾ ਹੋ ਜਾਂਦੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਨਵਜੋਤ ਸਿੰਘ ਸਿੱਧੂ ਫਿਰ ਚਰਚਾ ਦਾ ਕੇਂਦਰ ਬਣਿਆ

*** ਸਿੱਧੂ ਕਹਿੰਦਾ: ਮੈਂ ਤਾਂ ਕਿਸੇ ਨਾਲ ਨਾਰਾਜ਼ ਨਹੀਂ**



ਚੰਡੀਗੜ੍ਹ, 3 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਸੁਰਖੀਆਂ ਵਿੱਚ ਰਹਿਣ ਵਾਲੇ ਲੋਕਲ ਬਾਡੀਜ਼ ਮੰਤਰੀ ਤੇ ਕਾਂਗਰਸ ਨੇਤਾ ਨਵਜੋਤ ਸਿੰਘ ਸਿੱਧੂ ਇਕ ਵਾਰ ਫਿਰ ਚਰਚਾ ਦਾ ਕੇਂਦਰ ਬਣੇ ਹੋਏ ਹਨ। ਉਹ ਪਿਛਲੇ ਕਈ ਦਿਨਾਂ ਤੋਂ ਜਨਤਕ ਤੌਰ ਉੱਤੇਨਜ਼ਰ ਨਹੀਂਆਏ ਅਤੇ ਉਨ੍ਹਾਂ ਦੇ ਨਾਰਾਜ਼ ਹੋਣ ਦੀ ਚਰਚਾ ਚੱਲ ਰਹੀ ਸੀ। ਅੱਜ ਉਨ੍ਹਾਂ ਨੇ ਇਸ ਤਰ੍ਹਾਂ ਦੀ ਚਰਚਾ ਨੂੰ ਰੱਦ ਕਰਦੇ ਹੋਏ ਸਾਫ ਕਹਿ ਦਿੱਤਾ ਹੈ ਕਿ ਉਹ ਕਿਸੇ ਨਾਲ ਵੀ ਕਿਸੇ ਤਰ੍ਹਾਂ ਨਾਰਾਜ਼ ਨਹੀਂ ਹਨ।

ਵਰਨਣ ਯੋਗ ਹੈ ਕਿ ਚੰਡੀਗੜ੍ਹ ਜਾਂ ਅੰਮ੍ਰਿਤਸਰ ਤੋਂ ਉਨ੍ਹਾਂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੂੰ ਟਿਕਟ ਨਾਦਿ-ੱਤੇ ਜਾਣ ਪਿੱਛੋਂ ਚਰਚਾ ਚੱਲੀ ਸੀ ਕਿ ਨਵਜੋਤ ਸਿੰਘ ਸਿੱਧੂ ਨਾਰਾਜ਼ ਹਨ।ਅੱਜ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਕਿਤੇ ਗ਼ਾਇਬ ਨਹੀਂ ਹੋਏ ਤੇ ਆਪਣੇ ਦਫ਼ਤਰ ਵਿੱਚ ਮੌਜੂਦ ਹਨ, ਕਿਸੇ ਨਾਲ ਕਿਸੇ ਤਰ੍ਹਾਂ ਨਾਰਾਜ਼ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕੁਝ ਪੱਤਰਕਾਰਾਂ ਨਾਲ ਗੱਲਬਾਤ ਵਿੱਚ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਦਸ ਦਿਨ ਪਹਿਲਾਂ ਉਨ੍ਹਾਂ ਆਪਣੇ ਦੰਦਾਂ ਦਾ ਆਪਰੇਸ਼ਨ ਕਰਵਾਇਆ ਸੀ ਤੇ ਡਾਕਟਰਾਂ ਨੇ ਆਰਾਮ ਕਰਨ ਨੂੰ ਕਿਹਾ ਅਤੇਬੋਲਣ ਨੂੰ ਮਨ੍ਹਾਂ ਕੀਤਾ ਸੀ, ਇਸ ਲਈ ਉਹ ਬਹੁਤਾ ਦਿਖਾਈ ਨਹੀਂ ਦਿੱਤੇ। ਉਨ੍ਹਾਂ ਕਿਹਾ, 'ਇਹ ਚਰਚਾ ਵਾਧੂ ਦੀ ਹੈ ਕਿ ਮੈਂ ਕਿਸੇ ਨਾਲ ਨਾਰਾਜ਼ ਹਾਂ, ਇਹੋ ਜਿਹੀ ਕੋਈ ਗੱਲ ਹੀਨਹੀਂ, ਮੈਂ ਅੱਜ ਵੀ ਆਪਣੇ ਦਫ਼ਤਰ ਵਿੱਚ ਬੈਠਾ ਆਪਣੇ ਮੰਤਰਾਲੇ ਦੇ ਸਰਕਾਰ ਕੰਮ ਨਿਪਟਾ ਰਿਹਾ ਹਾਂ।'

ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਮੋਗਾ ਵਿੱਚ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਸੱਤ ਮਾਰਚ ਵਾਲੀ ਰੈਲੀ ਵੇਲੇ ਨਵਜੋਤ ਸਿੰਘ ਸਿੱਧੂ ਦੀ ਅਣਦੇਖੀ ਕੀਤੇ ਜਾਣ ਦੀ ਚਰਚਾ ਚੱਲੀ ਸੀ ਤੇ ਉਨ੍ਹਾਂ ਨੂੰ ਰੈਲੀ ਵਿੱਚ ਬੋਲਣ ਦਾ ਸਮਾਂ ਨਾ ਮਿਲਣ ਕਾਰਨ ਨਾਰਾਜ਼ ਦੱਸੇ ਗਏ ਸਨ।ਇਸ ਪਿੱਛੋਂ ਨਵਜੋਤ ਸਿੰਘ ਸਿੱਧੂ ਨੇ ਆਪਣੇ ਅੰਦਾਜ਼ ਵਿੱਚਆਖਿਆ ਸੀ ਕਿ 'ਸ਼ਾਇਦ ਮੈਂ ਚੰਗਾ ਬੁਲਾਰਾ ਨਹੀਂ।' ਇਸ ਤੋਂਉਨ੍ਹਾਂ ਦੀ ਨਾਰਾਜ਼ਗੀ ਦੀ ਚਰਚਾ ਛਿੜੀ ਤੇ ਫਿਰ ਉਹ ਲੋਕਾਂ ਵਿੱਚ ਬਹੁਤ ਘੱਟ ਦਿਖਾਈ ਦਿੱਤੇ ਸਨ ਤੇ ਕਿਹਾ ਜਾਣ ਲੱਗਾ ਸੀ ਕਿ ਉਹ ਨਰਾਜ਼ਗੀ ਦਿਖਾਉਣ ਵੇਲੇ ਇਕੱਲੇ ਰਹਿ ਰਹੇ ਹਨ। ਇਸ ਦੌਰਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਨੇ ਚੰਡੀਗੜ੍ਹ ਤੋਂ ਲੋਕ ਸਭਾ ਚੋਣ ਦੀ ਟਿਕਟ ਮੰਗੀ ਸੀ, ਪਰ ਸੀਨੀਅਰ ਆਗੂ ਪਵਨ ਕੁਮਾਰ ਬਾਂਸਲ ਨੂੰ ਉਮੀਦਵਾਰ ਬਣਾ ਦਿੱਤੇ ਜਾਣ ਨਾਲ ਫਿਰ ਸਿੱਧੂ ਦੀ ਨਾਰਾਜ਼ਗੀ ਦੀ ਚਰਚਾ ਚੱਲ ਪਈ ਸੀ।

ਅੱਜ ਇਸ ਚਰਚਾ ਦਾ ਅੰਤ ਕਰਦੇ ਹੋਏ ਨਵਜੋਤ ਸਿੰਘ ਸਿੱਧੂ ਨੇ ਕਹਿ ਦਿੱਤਾ ਕਿ 'ਮੈਂ ਬਿਲਕੁਲ ਨਾਰਾਜ਼ ਨਹੀਂ ਹਾਂ। ਮੈਂ ਆਪਣੇ ਦਫ਼ਤਰ ਵਿੱਚ ਬੈਠਾ ਮੰਤਰਾਲੇ ਦੇ ਸਰਕਾਰੀ ਕੰਮ ਕਰ ਰਿਹਾ ਹਾਂ। ਆਪਰੇਸ਼ਨ ਤੋਂ ਬਾਅਦ ਡਾਕਟਰਾਂ ਨੇ ਬੋਲਣ ਤੋਂ ਮਨ੍ਹਾਂ ਕੀਤਾ ਸੀ।' ਉਂਜ ਨਵਜੋਤ ਸਿੰਘ ਸਿੱਧੂ ਨੂੰ ਲੋਕ ਸਭਾ ਚੋਣਾਂ ਲਈ ਕਾਂਗਰਸ ਦੇ ਸਟਾਰ ਪ੍ਰਚਾਰਕ ਵਜੋਂਸਾਰੇ ਦੇਸ਼ ਘੁੰਮਾਉਣ ਦੀ ਚਰਚਾ ਹੈ। ਉਨ੍ਹਾਂ ਦੀ ਸਾਰੇ ਦੇਸ਼ ਵਿੱਚ ਮੰਗ ਹੈ, ਪਰ ਹਾਲ ਦੀ ਘੜੀ ਉਨ੍ਹਾਂ ਨੂੰ ਉਤਰ ਪ੍ਰਦੇਸ਼ ਵਿੱਚ ਪ੍ਰਚਾਰ ਕਰਨ ਨੂੰ ਕਿਹਾ ਗਿਆ ਹੈ ਅਤੇ ਫਿਰ ਬਾਕੀ ਰਾਜਾਂ ਵਿੱਚ ਵੀ ਜਾ ਸਕਦੇ ਹਨ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਅਕਾਲੀ ਦਲ ਵੱਲੋਂ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਵਿਰੁੱਧ ਚੋਣ ਕਮਿਸ਼ਨ ਨੂੰ ਸ਼ਿਕਾਇਤ

ਚੰਡੀਗੜ੍ਹ, 3 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨੇ ਚੋਣ ਕਮਿਸ਼ਨ ਦੇ ਅਧਿਕਾਰੀਆਂ ਨੂੰ ਮਿਲ ਕੇ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਦੇ ਮੈਂਬਰ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਖਿਲਾਫ ਸ਼ਿਕਾਇਤ ਦਿੱਤੀ ਹੈ। ਚੋਣ ਕਮਿਸ਼ਨ ਨੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਤੋਂ ਇਸ ਬਾਰੇ ਰਿਪੋਰਟ ਮੰਗ ਲਈ ਹੈ ਅਤੇ ਇਸ ਮਾਮਲੇ ਵਿੱਚ ਪੰਜਾਬ ਪੁਲਸ ਤੋਂ ਵੀ ਰਿਪੋਰਟ ਤਲਬ ਕੀਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਚੋਣ ਕਮਿਸ਼ਨ ਨੂੰ ਦਿੱਤੀ ਗਈ ਸ਼ਿਕਾਇਤ ਵਿੱਚ ਪਾਰਲੀਮੈਂਟ ਮੈਂਬਰ ਨਰੇਸ਼ ਗੁਜਰਾਲ ਨੇ ਕਿਹਾ ਹੈ ਕਿ ਇਹ ਪੁਲਸ ਅਧਿਕਾਰੀ ਰਾਜਨੀਤਕ ਰੂਪ ਤੋਂ ਬਦਲੇ ਦੀ ਕਾਰਵਾਈ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ ਅਤੇ ਅਕਾਲੀ ਦਲ ਨੂੰ ਲੋਕ ਸਭਾ ਚੋਣਾਂ ਵਿੱਚ ਇਸ ਦਾ ਨੁਕਸਾਨ ਹੋ ਸਕਦਾ ਹੈ, ਇਸ ਲਈ ਕੁੰਵਰ ਵਿਜੇ ਪ੍ਰਤਾਪ ਨੂੰ ਦੋ ਮਹੀਨੇ ਲਈ ਪੰਜਾਬ ਤੋਂ ਬਾਹਰ ਭੇਜ ਦਿੱਤਾ ਜਾਏ। ਚੋਣ ਕਮਿਸ਼ਨ ਨੇ ਇਸ ਬਾਰੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਤੋਂ ਰਿਪੋਰਟ ਮੰਗੀ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਡਾਕਟਰ ਐੱਸ ਕਰੁਣਾ ਰਾਜੂ ਨੇ ਇਸ ਸੰਬੰਧ ਵਿੱਚ ਪੰਜਾਬ ਪੁਲਸ ਦੇ ਡੀ ਜੀ ਪੀ ਨੂੰ ਪੱਤਰ ਭੇਜ ਕੇ ਰਿਪੋਰਟ ਮੰਗ ਲਈ ਹੈ। ਉਨ੍ਹਾਂ ਨੇ ਕਿਹਾ ਕਿ ਰਿਪੋਰਟ ਆਉਂਦੇ ਹੀ ਇਸ ਨੂੰ ਚੋਣ ਕਮਿਸ਼ਨ ਦੇ ਕੋਲ ਭੇਜ ਦਿੱਤਾ ਜਾਏਗਾ ਅਤੇ ਇਸ ਸੰਬੰਧ ਵਿੱਚ ਆਖਰੀ ਫੈਸਲਾ ਚੋਣ ਕਮਿਸ਼ਨ ਲਵੇਗਾ।

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-208-7011 437-219-1502

UKTTC
UK TRUCK TRAINING CENTRE
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼ Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ। ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ ਦਾ ਵੀ ਸ਼ਰਤੀਆ ਇਲਾਜ ਹੈ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਬਾਇਪਾਸ ਸਰਜਰੀ ਤੋ ਬਚਾਉ ਦਾ ਪੱਕਾ ਇਲਾਜ।
ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ ਜਾਂ ਰੁਕਣਾ। ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ। ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ।
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ, ਜਿੱਦੀ ਛਾਈਆਂ ਵਰਗੀ ਨਾਮੁਰਾਦ ਬਿਮਾਰੀ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਸਿਰ ਵਿੱਚ ਸਿਕਰੀ/dandruf ਦਾ ਪੱਕਾ ਇਲਾਜ।
Exima, ਬਵਾਸੀਰ ਦਾ ਪੱਕਾ ਇਲਾਜ ਹੈ ਅੱਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ। ਕਬਜ਼ ਦਾ ਇਲਾਜ ਤੇ ਸ਼ਰਾਬ ਛਡਣ ਦਾ ਸ਼ਰਤੀਆ ਇਲਾਜ,ਅੱਡੀਆਂ ਦੀਆਂ ਹੱਡੀਆਂ ਵੱਧ ਜਾਣਾ ਤੇ ਪੈਰਾਂ ਦੀਆਂ ਭੌਰੀਆਂ ਦਾ ਪੱਕਾ ਇਲਾਜ ਹੈ।
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
NO SIDE EFFECTS
100% Natural Cure ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

ShertGill Law Firm
Barrister, Solicitor & Notary Public
Services:
• Real Estate
• Family Law
• Residential, Commercial, Franchise
• Affidavit, Power Of Attorney & Notarization
• Criminal Law
• Immigration Matters
Paramjit Singh Gill (MBA,LL.B.)
Phone : 905-790-3636
Emergency Contact: 416.910.5676
www.shergilllawfirm.ca
2565 Steeles Ave E Unit #20, Brampton, ON L6T 4L6

# ਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲੀ

## ਕੋਟਕਪੂਰਾ ਗੋਲੀ ਕਾਂਡ

ਫ਼ਰੀਦਕੋਟ, 3 ਅਪਰੈਲ, (ਪੋਸਟ ਬਿਊਰੋ)- ਵਿਧਾਨ ਸਭਾ ਹਲਕਾ ਕੋਟਕਪੂਰਾ ਦੇਸਾਬਕਾ ਅਕਾਲੀ ਵਿਧਾਇਕ ਮਨਤਾਰ ਸਿੰਘ ਬਰਾੜ ਨੂੰ ਕੋਟਕਪੂਰਾ ਗੋ.ਲੀ ਕਾਂਡ ਬਾਰੇਪੰਜਾਬ ਹਰਿਆਣਾ ਹਾਈ ਕੋਰਟ ਨੇ ਅੰਤ੍ਰਿਮ ਜ਼ਮਾਨਤ ਦੇ ਦਿੱਤੀ ਹੈ।



ਵਰਨਣ ਯੋਗ ਹੈ ਕਿ ਕੋਟਕਪੂਰਾ ਗੋ.ਲੀ ਕਾਂਡ ਦੀ ਪੜਤਾਲ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ)ਇਸ ਕੇਸ ਵਿੱਚਮਨਤਾਰ ਸਿੰਘ ਨੂੰ ਗ੍ਰਿਫ਼ਤਾਰ ਕਰਨਾ ਚਾਹੁੰਦੀ ਸੀ। ਫ਼ਰੀਦਕੋਟ ਜ਼ਿਲ੍ਹਾ ਅਦਾਲਤ ਤੋਂਜ਼ਮਾਨਤ ਦੀ ਅਰਜ਼ੀ ਰੱਦ ਹੋਣ ਤੋਂ ਬਾਅਦ ਮਨਤਾਰ ਸਿੰਘ ਬਰਾੜ ਨੇ ਹਾਈ ਕੋਰਟ ਤੱਕ ਪਹੁੰਚ ਕਰ ਕੇ ਆਪਣੀ ਜ਼ਮਾਨਤ ਦੀ ਅਰਜ਼ੀ ਵਿੱਚ ਕਿਹਾ ਸੀ ਕਿ ਉਹ ਐੱਸ ਆਈ ਟੀ ਕੋਲ ਪਹਿਲਾਂਦੋ ਵਾਰ ਪੁੱਛਗਿੱਛ ਲਈ ਪੇਸ਼ ਹੋ ਚੁੱਕੇ ਹਨ ਤੇ ਉਨ੍ਹਾਂ ਕੋਲ ਐੱਸ ਆਈ ਟੀ ਨੂੰ ਦੱਸਣ ਲਈ ਹੋਰ ਕੁਝ ਹੈਨਹੀਂ। ਇਸ ਮੌਕੇ ਐੱਸ ਆਈ ਟੀ ਨੇ ਹਾਈ ਕੋਰਟ ਨੂੰ ਦੱਸਿਆ ਕਿ ਮਨਤਾਰ ਸਿੰਘ ਬਰਾੜ ਦੇ ਖ਼ਿਲਾਫ਼ ਐੱਸ ਆਈ ਟੀ ਕੋਲ ਕੁਝ ਅਹਿਮ ਸਬੂਤ ਹਨ, ਜਿਨ੍ਹਾਂ ਦੀ ਪੁੱਛਗਿੱਛ ਕਰਨੀ ਜ਼ਰੂਰੀ ਹੈ।ਹਾਈ ਕੋਰਟ ਨੇ ਸਾਰੀਆਂ ਦਲੀਲਾਂ ਸੁਣਨ ਪਿੱਛੋਂ ਮਨਤਾਰ ਸਿੰਘ ਬਰਾੜ ਦੀ ਅਗਾਊਂ ਜ਼ਮਾਨਤ ਮਨਜ਼ੂਰ ਕਰ ਲਈ, ਪਰ ਉਨ੍ਹਾਂ ਨੂੰ ਜਾਂਚ ਵਿੱਚ ਸ਼ਾਮਲ ਹੋਣ ਅਤੇਐੱਸ ਆਈ ਟੀ ਨੂੰ ਸਹਿਯੋਗ ਦੇਣ ਦਾ ਹੁਕਮ ਸੁਣਾ ਦਿੱਤਾ।

ਵਰਨਣ ਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਬਰਗਾੜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੀ ਘਟਨਾ ਦੇ ਬਾਅਦ ਰੋਸ ਕਰਦੀ ਸਿੱਖ ਸੰਗਤ ਉੱਤੇ ਕੋਟਕਪੂਰਾ ਵਿੱਚ ਪੁਲਿਸ ਵੱਲੋਂ ਕੀਤੀ ਗੋ.ਲੀਬਾਰੀ ਵੇਲੇਮਨਤਾਰ ਸਿੰਘ ਬਰਾੜ ਉੱਤੇਆਪਣਾ ਪ੍ਰਭਾਵ ਵਰਤਣ ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਪੁਲਸ ਅਤੇ ਸਿਵਲ ਦੇ ਸਰਕਾਰੀ ਅਧਿਕਾਰੀਆਂ ਨਾਲ ਰਾਤ ਵੇਲੇ ਫੋਨ ਉੱਤੇ ਲਗਾਤਾਰ ਸੰਪਰਕ ਬਣਾਈ ਰੱਖਣ ਦਾ ਦੋਸ਼ ਹੈ।

ਇਸ ਦੌਰਾਨ ਐੱਸ ਆਈ ਟੀ ਨੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਨੂੰ ਰੋਹਤਕ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ਉੱਤੇ ਲਿਆਉਣ ਦਾ ਫ਼ੈਸਲਾ ਕਰ ਲਿਆ ਹੈ। ਪਤਾ ਲੱਗਾ ਹੈ ਕਿ ਡੇਰਾ ਮੁਖੀ ਰਾਮ ਰਹੀਮ ਸਿੰਘ ਨੇ ਆਪਣੇ ਵਕੀਲ ਦੇ ਰਾਹੀਂ ਫ਼ਰੀਦਕੋਟ ਵਿਖੇ ਜੁਡੀਸ਼ਲ ਮੈਜਿਸਟਰੇਟ ਏਕਤਾ ਉੱਪਲ ਦੀ ਅਦਾਲਤ ਵਿੱਚਅਰਜ਼ੀ ਦੇ ਕੇ ਪੁੱਛਗਿੱਛ ਕਰਨ ਸਮੇਂ ਉਨ੍ਹਾਂ ਨੂੰ ਆਪਣਾਵਕੀਲ ਵੀ ਨਾਲ ਰੱਖਣ ਦੀ ਇਜਾਜ਼ਤ ਮੰਗੀ ਸੀ, ਜਿਸ ਦਾ ਵਿਰੋਧ ਕਰਦੇ ਹੋਏ ਸਰਕਾਰੀ ਪੱਖ ਨੇ ਕਿਹਾ ਕਿ ਇਹ ਬਹੁਤ ਸੰਵੇਦਨਸ਼ੀਲ ਕੇਸ ਹੈ ਅਤੇ ਇਸ ਦੀ ਪੁੱਛਗਿੱਛ ਸਮੇਂ ਪਹਿਲਾਂ ਵੀ ਕਿਸੇ ਵਿਅਕਤੀ ਨੂੰ ਵਕੀਲ ਨਾਲ ਰੱਖਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸਰਕਾਰੀ ਪੱਖ ਦੇ ਇਸ ਵਿਰੋਧ ਤੋਂ ਬਾਅਦ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਦੇ ਵਕੀਲ ਨੇ ਆਪਣੀ ਪਟੀਸ਼ਨ ਵਾਪਸ ਲੈ ਲਈ ਹੈ।

# ਵੋਟਾਂ ਦੀ ਝਾਕ ਵਿੱਚ ਕੈਪਟਨ ਅਮਰਿੰਦਰ ਸਿੰਘ ਡੇਰਾ ਰਾਧਾ ਸਵਾਮੀ ਜਾ ਪਹੁੰਚੇ

ਜਲੰਧਰ, 3 ਅਪਰੈਲ, (ਪੋਸਟ ਬਿਊਰੋ)- ਪਾਰਲੀਮੈਂਟ ਚੋਣਾਂ ਦਾ ਪ੍ਰਚਾਰ ਸ਼ੁਰੂ ਹੋ ਜਾਣ ਦੇ ਨਾਲ ਪੰਜਾਬ ਵਿਚ ਡੇਰਿਆਂ ਦੀ ਸਿਆਸਤ ਵੀ ਮੁੜ ਕੇ ਭਖਣ ਲੱਗ ਪਈ ਹੈ। ਪਿਛਲੇ ਦਿਨੀਂ ਕੇਂਦਰੀ ਮੰਤਰੀ ਨਿਤਿਨ ਗਡਕਰੀ ਵਲੋਂ ਡੇਰਾ ਬਿਆਸ ਮੁਖੀ ਗੁਰਿੰਦਰ ਸਿੰਘ ਦੇ ਨਾਲ ਮੁਲਾਕਾਤ ਕਰਨ ਤੋਂ ਬਾਅਦ ਅੱਜ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਡੇਰਾ ਮੁਖੀ ਨੂੰ ਮਿਲਣ ਲਈ ਡੇਰਾ ਬਿਆਸ ਪਹੁੰਚੇ। ਹੈਲੀਕਾਪਟਰ ਰਾਹੀਂ ਡੇਰਾ ਓਥੇਗਏ ਕੈਪਟਨ ਅਮਰਿੰਦਰ ਸਿੰਘਨਾਲ ਕਾਂਗਰਸ ਦੀ ਪੰਜਾਬ ਦੇ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਵੀ ਸਨ। ਮੁੱਖ ਮੰਤਰੀ ਵੱਲੋਂਕਰੀਬ ਦੋ ਘੰਟੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ ਦੱਸੀ ਜਾਂਦੀ ਹੈ।

ਵਰਨਣ ਯੋਗ ਹੈ ਕਿ ਡੇਰਾ ਬਿਆਸ ਵਿਚ ਰੋਜ਼ ਲੱਖਾਂ ਪੈਰੋਕਾਰ ਜਾਂਦੇ ਹਨ।



ਚੋਣਾਂਦੇ ਦਿਨਾਂ ਵਿੱਚ ਇਸ ਡੇਰੇ ਵਿੱਚ ਸਿਆਸੀ ਲੀਡਰਾਂ ਦਾ ਆਉਣ-ਜਾਣ ਕਾਫੀ ਵਧ ਜਾਂਦਾ ਹੈ, ਪਰ ਡੇਰਾ ਕਿਸੇ ਪਾਰਟੀ ਦੇ ਸਮਰਥਨ ਦਾ ਕੋਈ ਬਿਆਨ ਸਿੱਧੇ ਤੌਰ ਉੱਤੇ ਕਦੇ ਜਾਰੀ ਨਹੀਂ ਕਰਦਾ। ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵੇਲੇ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਵੀ ਡੇਰਾ ਬਿਆਸ ਗਏ ਤੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਨੂੰ ਮਿਲੇ ਸਨ। ਉਸ ਦੇ ਬਾਅਦ ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਵਿੱਚ ਕਾਂਗਰਸ ਦੀ ਇਤਿਹਾਸਕ ਜਿੱਤ ਹੋਈ ਸੀ।

ਇਸ ਵਕਤ ਪੰਜਾਬ ਵਿੱਚ ਬੜੇ ਵੱਡੇ ਪ੍ਰਭਾਵ ਵਾਲੇ ਇਕ ਦਰਜਨ ਤੋਂ ਵੱਧ ਡੇਰੇ ਹਨ, ਜਿਨ੍ਹਾਂ ਦੇ ਲੱਖਾਂ ਪੈਰੋਕਾਰ ਹਨ ਪਰ ਮੁੱਖ ਡੇਰਿਆਂ ਵਿਚ ਡੇਰਾ ਰਾਧਾ ਸੁਆਮੀ ਬਿਆਸ, ਡੇਰਾ ਸੱਚਾ ਸੌਦਾ ਸਿਰਸਾ, ਦਿਵਯ ਜਯੋਤੀ ਜਾਗ੍ਰਿਤੀ ਸੰਸਥਾਨ, ਡੇਰਾ ਸੱਚਖੰਡ ਬੱਲਾਂ ਅਤੇ ਸੰਤ ਨਿਰੰਕਾਰੀ ਮਿਸ਼ਨ ਗਿਣੇ ਜਾਂਦੇ ਹਨ। ਕਈ ਡੇਰੇ ਅਸਿੱਧੇ ਜਾਂ ਸਿੱਧੇ ਤੌਰ ਉੱਤੇ ਚੋਣਾਂ ਦੌਰਾਨ ਕਿਸੇ ਸਿਆਸੀ ਪਾਰਟੀ ਜਾਂ ਉਮੀਦਵਾਰ ਦਾ ਸਮਰਥਨ ਕਰਦੇ ਹਨ ਤਾਂ ਹਾਲਾਤ ਬਦਲ ਜਾਂਦੇ ਹਨ। ਇਸ ਲਈ ਪੰਜਾਬ ਦੇ ਮੁੱਖ ਮੰਤਰੀ ਦੀ ਅੱਜ ਡੇਰਾ ਬਿਆਸ ਦੀ ਫੇਰੀ ਨਾਲ ਚਰਚਾ ਛਿੜੀ ਹੈ, ਪਰ ਅਕਾਲੀ ਦਲ ਦੀ ਲੀਡਰਸ਼ਿਪ ਨੇ ਸਾਫ ਕਿਹਾ ਹੈ ਕਿ ਉਨ੍ਹਾਂ ਨੂੰ ਮੁੱਖ ਮੰਤਰੀ ਦੇ ਬਿਆਸ ਡੇਰੇ ਵਿੱਚ ਜਾਣ ਉੱਤੇ ਕੋਈ ਇਤਰਾਜ਼ ਨਹੀਂ ਹੈ।

# ਅਮਰੀਕਾ ਨੇ ਮਹੇਸ਼ ਭੱਟ ਦੇ ਕਤਲ ਦੀ ਕੋਸ਼ਿਸ਼ ਵਿੱਚ ਲੋੜੀਂਦਾ ਬੰਦਾ ਭਾਰਤ ਨੂੰ ਸੌਂਪਿਆ

ਨਿਊਯਾਰਕ, 3 ਅਪਰੈਲ, (ਪੋਸਟ ਬਿਊਰੋ)- ਬਾਲੀਵੁੱਡ ਦੇ ਮਸ਼ਹੂਰ ਨਿਰਦੇਸ਼ਕ ਮਹੇਸ਼ ਭੱਟ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਕੇਸ ਵਿੱਚ ਲੋੜੀਂਦੇ ਭਾਰਤੀ ਮੂਲ ਦੇ ਓਬੇਦੁੱਲਾ ਅਬਦੁੱਲਰਾਸ਼ਿਦ ਰੇਡੀਓਵਾਲਾ ਨੂੰ ਅਮਰੀਕਾ ਦੀ ਪੁਲਸ ਨੇ ਭਾਰਤ ਦੇ ਹਵਾਲੇ ਕਰ ਦਿੱਤਾ ਹੈ। ਇਮੀਗ੍ਰੇਸ਼ਨ ਜੱਜ ਦੇ ਹੁਕਮ ਪਿੱਛੋਂ 46 ਸਾਲਾ ਰੇਡੀਓਵਾਲਾ ਨੂੰ ਏਥੇ ਭਾਰਤੀ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ। ਉਸ ਨੇ 2014 ਵਿੱਚ ਭੱਟ ਦੇ ਕਤਲ ਦੀ ਸਾਜ਼ਿਸ਼ ਰਚੀ ਸੀ ਅਤੇ ਉਸ ਉੱਤੇ ਫਿਲਮਕਾਰ ਕਰੀਮ ਮੋਰਾਨੀ ਉੱਤੇਵੀ ਗੋਲੀ ਚਲਾਉਣ ਦਾ ਇੱਕ ਕੇਸ ਹੈ।

ਪਤਾ ਲੱਗਾ ਹੈ ਕਿ ਉਬੇਦ ਰੇਡਿਓਵਾਲਾ ਵਜੋਂਜਾਣੇ ਜਾਂਦੇ ਇਸ ਦੋਸ਼ੀਦੇ ਖਿਲਾਫਇਰਾਦਾ ਕਤਲ, ਚੋਰੀ, ਜ਼ਬਰੀਵਸੂਲੀ ਤੇ ਗੈਰ-ਕਾਨੂੰਨੀ ਹਥਿਆਰ ਰੱਖਣ ਦੇ ਕਈ ਕੇਸ ਹਨ। 2015 ਵਿੱਚ ਸੀ ਬੀ ਆਈ ਦੀ ਅਪੀਲ ਉੱਤੇ ਇੰਟਰਪੋਲ ਨੇ ਉਸ ਦੇ ਖਿਲਾਫ ਰੈੱਡ ਕਾਰਨਰ ਨੋਟਿਸ ਕੱਢਿਆ ਸੀ। ਇਸ ਤੋਂ ਪਹਿਲਾਂ ਮਹਾਰਾਸ਼ਟਰ ਦੀਮਕੋਕਾ ਅਦਾਲਤ ਨੇ ਉਸ ਦੇ ਖਿਲਾਫ ਗੈਰ-ਜ਼ਮਾਨਤੀ ਵਾਰੰਟ ਕੱਢਿਆ ਸੀ। ਅਮਰੀਕਾ ਵਿੱਚ ਗੈਰ-ਕਾਨੂੰਨੀ ਰਹਿੰਦੇ ਰੇਡੀਓਵਾਲਾ ਨੂੰ ਸਤੰਬਰ 2017 ਵਿੱਚ ਗ੍ਰਿਫਤਾਰ ਕੀਤਾ ਗਿਆ ਸੀ।ਬਾਅਦ ਵਿੱਚ ਇਮੀਗ੍ਰੇਸ਼ਨ ਕੋਰਟ ਨੇ ਉਸ ਨੂੰ ਭਾਰਤ ਨੂੰ ਸੌਂਪਣ ਦਾ ਹੁਕਮ ਦਿੱਤਾ ਹੈ। ਯੂ ਐੱਸ ਇਮੀਗ੍ਰੇਸ਼ਨ ਐਂਡ ਕਸਟਮ ਇਫੋਰਸਮੈਂਟ ਦੇ ਮੁਤਾਬਕ ਰੇਡੀਓਵਾਲਾ ਉੱਤੇ ਅਪਰਾਧ ਲਈ ਉਕਸਾਉਣ, ਸਾਜ਼ਿਸ਼ ਰਚਣ ਤੇ ਜਥੇਬੰਦ ਅਪਰਾਧ ਸਿੰਡੀਕੇਟ ਬਣਾਉਣ ਲਈ ਇੰਟਰਨੈੱਟ ਰਾਹੀਂ ਸੂਚਨਾ ਪ੍ਰਸਾਰਿਤ ਕਰਨ ਦਾ ਵੀ ਦੋਸ਼ ਹੈ। ਉਸ ਉੱਤੇ ਲੱਗੇ ਹੋਏ ਦੋਸ਼ਾਂ ਤੋਂ ਸਾਫ ਹੈ ਕਿ ਉਹ ਅਮਰੀਕੀ ਲੋਕਾਂ ਲਈ ਵੀ ਖਤਰਾ ਹੋ ਸਕਦਾ ਹੈ।

# ਕਾਂਗਰਸ ਵਿਧਾਇਕ ਵੱਲੋਂ ਫੈਕਟਰੀ ਮੁਲਾਜ਼ਮ ਨੂੰ ਧਮਕਾਉਣ ਵਾਲਾ ਆਡੀਓ ਵਾਇਰਲ

ਘਨੌਰ, 3 ਅਪ੍ਰੈਲ (ਪੋਸਟ ਬਿਊਰੋ)- ਇਥੋਂ ਦੀ ਇਕ ਫੈਕਟਰੀ ਦੇ ਮੁਲਾਜ਼ਮ ਨੂੰ ਹਲਕਾ ਘਨੌਰ ਦੇ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਵੱਲੋਂ ਫੋਨ ਰਾਹੀਂ ਧਮਕੀ ਦੇਣ ਦਾ ਆਡੀਓ ਵਾਇਰਲ ਹੋਣ ਬਾਰੇ ਇਸ ਖੇਤਰ 'ਚ ਖੂਬ ਚਰਚਾ ਹੋ ਰਹੀ ਹੈ। ਇਹ ਆਡੀਓ ਕੱਲ੍ਹ ਸਾਰਾ ਦਿਨ ਸੋਸ਼ਲ ਮੀਡੀਆ 'ਤੇ ਘੁੰਮਦਾ ਰਿਹਾ। ਮਿਲੀ ਜਾਣਕਾਰੀ ਅਨੁਸਾਰ ਇਸ ਆਡੀਓ 'ਚ ਵਿਧਾਇਕ ਮਦਨ ਲਾਲ ਜਲਾਲਪੁਰ ਇਸ ਖੇਤਰ ਦੀ ਇਕ ਫੈਕਟਰੀ ਦੇ ਅਮਿਤ ਨਾਮੀ ਮੁਲਾਜ਼ਮ ਨਾਲ ਫੋਨ ਉੱਤੇ ਗੱਲ ਕਰਦੇ ਸੁਣਾਈ ਦੇਂਦੇ ਅਤੇ ਕਹਿੰਦੇ ਹਨ, 'ਮੈਂ ਐਮ ਐਲ ਏ ਜਲਾਲਪੁਰ ਬੋਲ ਰਿਹਾਂ।' ਅੱਗੋਂ ਫੋਨ ਚੁੱਕਣ ਵਾਲਾ ਵਰਕਰ ਉਨ੍ਹਾਂ ਦੀ ਗੱਲਬਾਤ ਨੂੰ ਖਾਸ ਵਜ਼ਨ ਨਾ ਦਿੰਦਾ ਹੋਇਆ ਵਿਧਾਇਕ ਦੇ ਪ੍ਰਤੀ ਅਣਜਾਣਤਾ ਪ੍ਰਗਟ ਕਰਦਾ ਹੈ, ਜਿਸ 'ਤੇ ਵਿਧਾਇਕ ਗੁੱਸੇ ਵਿੱਚ ਆ ਕੇ ਉਸ ਨੂੰ ਗੱਲ ਕਰਨ ਦੀ ਤਮੀਜ਼ ਸਿਖਾਉਣ ਅਤੇ 'ਬੰਦੇ ਦਾ ਪੁੱਤ' ਬਣਾਉਣ ਦੀ ਧਮਕੀ ਦਿੰਦਾ ਹੈ।' ਇਸ 'ਤੇ ਫੈਕਟਰੀ ਮੁਲਾਜ਼ਮ ਬੋਲਦਾ ਹੈ, 'ਮੈਂ ਤੁਹਾਨੂੰ ਜਾਣਦਾ ਨਹੀਂ ਕਿ ਤੁਸੀਂ ਐਮ ਐਲ ਏ ਬੋਲ ਰਹੇ ਹੋ।' ਫਿਰ ਵਿਧਾਇਕ ਫੈਕਟਰੀ ਮੁਲਾਜ਼ਮ ਨੂੰ ਕਹਿੰਦਾ ਹੈ, 'ਤੁਹਾਨੂੰ ਬੋਲਣ ਦੀ ਅਕਲ ਹੋਣੀ ਚਾਹੀਦੀ ਹੈ ਅਤੇ ਇਹ ਦੱਸੋ ਕਿ ਫੈਕਟਰੀ ਵਿੱਚੋਂ ਲੜਕੇ ਕਿਉਂ ਕੱਢੇ ਹਨ।' ਮੁਲਾਜ਼ਮ ਨੇ ਜਵਾਬ ਦਿੱਤਾ, 'ਮੈਂ ਕੌਣ ਹੁੰਦਾ ਹਾਂ ਉਨ੍ਹਾਂ ਨੂੰ ਨੌਕਰੀਓਂ ਕੱਢਣ ਵਾਲਾ, ਤੁਸੀਂ ਐਚ ਆਰ ਨਾਲ ਗੱਲ ਕਰੋ।' ਵਿਧਾਇਕ ਨੇ ਕਿਹਾ, 'ਇਹ ਮੇਰਾ ਹਲਕਾ ਹੈ ਤੇ ਮੇਰੇ ਹਲਕੇ ਵਿੱਚ ਫੈਕਟਰੀ ਹੈ ਅਤੇ ਮੈਂ ਤੈਨੂੰ ਹੁਣੇ ਪੰਜ ਮਿੰਟ ਵਿੱਚ ਪੁਲਸ ਤੋਂ ਚੁੱਕਵਾ ਦੇਵਾਂਗਾ।'

# ਐੱਨ ਆਰ ਆਈ ਕਤਲ ਕਾਂਡ : ਆਸਟਰੇਲੀਆ ਫੈਡਰਲ ਪੁਲਿਸ ਦੇ ਅਫਸਰ ਜਾਂਚ ਲਈ ਫਿਰੋਜ਼ਪੁਰ ਪੁੱਜੇ

ਫਿਰੋਜ਼ਪੁਰ, 3 ਅਪਰੈਲ, (ਪੋਸਟ ਬਿਊਰੋ)- ਆਸਟਰੇਲੀਆ ਦੀ ਨਾਗਰਿਕ ਬਣ ਚੁੱਕੀ ਵਿਆਹੁਤਾ ਕੁੜੀ ਰਵਨੀਤ ਕੌਰ ਦੇ ਕਤਲ ਕੇਸ ਦੀ ਜਾਂਚ ਲਈ ਆਸਟ੍ਰੇਲੀਆ ਦੀ ਫੈਡਰਲ ਪੁਲਿਸ ਵੱਲੋਂ ਕੇਸ ਦੇ ਮੁੱਖ ਦੋਸ਼ੀ (ਰਵਨੀਤ ਕੌਰ ਦੇ ਪਤੀ)ਅਤੇ ਉਸ ਦੀ ਪ੍ਰੇਮਿਕਾ ਨੂੰ ਫੜਨ ਲਈ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ।

ਇਸ ਜਾਂਚ ਦੇ ਸੰਬੰਧ ਵਿੱਚ ਆਸਟਰੇਲੀਆ ਦੀ ਫੈਡਰਲ ਪੁਲਿਸ ਦੇ ਐੱਸ ਪੀ ਡਿਟੈਕਟਿਵ ਮਰੇ ਟੇਲਰ ਤੇ ਕਾਨੂੰਨੀ ਸਲਾਹਕਾਰ ਆਸਟ੍ਰੇਲੀਅਨ ਹਾਈ ਕਮਿਸ਼ਨ ਸੰਜੇ ਮੈਣੀ ਨੇ ਫਿਰੋਜ਼ਪੁਰ ਆ ਕੇ ਸੀਨੀਅਰਪੁਲਿਸ ਅਫਸਰਾਂ ਨਾਲ ਗੱਲਬਾਤ ਕੀਤੀ ਤੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਕੋਸ਼ਿਸ਼ ਆਰੰਭੀ ਹੈ। ਇਸ ਦੀ ਪੁਸ਼ਟੀ ਐੱਸ ਐੱਸ ਪੀ ਸੰਦੀਪ ਗੋਇਲ ਨੇ ਕੀਤੀ ਤੇ ਦੱਸਿਆ ਕਿ ਪੰਜਾਬ ਪੁਲਿਸ ਇਸ ਕੇਸਦੇ ਚਾਰ ਦੋਸ਼ੀ ਫੜ ਚੁੱਕੀ ਹੈ। ਰਵਨੀਤ ਕੌਰ ਦੇ ਕਤਲ ਵਿਚ ਸ਼ਾਮਲ ਤਰਨਜੀਤ ਕੌਰ ਅਤੇ ਸੰਦੀਪ ਨੂੰ ਪੁਲਿਸ ਇਕ ਹਫ਼ਤੇ ਪਹਿਲਾਂ ਫੜ ਚੁੱਕੀ ਹੈ ਤੇ ਕਤਲ ਤੋਂ ਪਹਿਲਾਂ ਉਸ ਪਿੰਡ ਦੀ



ਰੈਕੀ ਕਰਨ ਵਾਲੇ ਪੁਸ਼ਪਿੰਦਰ ਤੇ ਗੁਰਸੇਵਕ ਨੂੰ ਵੀ ਹਿਰਾਸਤ ਵਿਚ ਲੈ ਲਿਆ ਦੱਸਿਆ ਜਾਂਦਾ ਹੈ। ਪੰਜਾਬ ਪੁਲਿਸ ਮੰਨਦੀ ਹੈ ਕਿ ਤਰਨਜੀਤ ਤੇ ਸੰਦੀਪ ਦੇ ਰਿਮਾਂਡ ਦੌਰਾਨ ਪਤਾ ਲੱਗਾ ਹੈ ਕਿ ਰਵਨੀਤ ਕੌਰ ਨੂੰ ਅਗਵਾ ਕਰਨ ਤੋਂ ਪਹਿਲਾਂ ਉਕਤ ਦੋਵਾਂ ਦੋਸ਼ੀਆਂ ਨੇ ਪਿੰਡ ਪਹੁੰਚ ਕੇ ਸਾਰੇ ਰਸਤੇ ਚੰਗੀ ਤਰ੍ਹਾਂ ਵੇਖੇ ਸਨ।

ਵਰਨਣ ਯੋਗ ਹੈ ਕਿ ਰਵਨੀਤ ਕੌਰ ਦੇ ਕਤਲ ਤੋਂ 20 ਦਿਨ ਬਾਅਦ ਵੀ ਮੁੱਖ ਦੋਸ਼ੀਆਂ ਦੇ ਪਕੜ ਤੋਂ ਬਾਹਰ ਹੋਣ ਕਾਰਨ ਉਨ੍ਹਾਂ ਨੂੰ ਫੜਨ ਦੀ ਮੰਗ ਤੇਜ਼ ਹੋ ਗਈ ਹੈ। ਰਵਨੀਤ ਕੌਰ ਦੇ ਪਰਵਾਰਕ ਜੀਆਂ ਵੱਲੋਂ ਇਨਸਾਫ਼ ਲੈਣ ਲਈ ਸੋਸ਼ਲ ਮੀਡੀਆ ਤੋਂਵੀ ਜਨਤਕ ਲਾਮਬੰਦੀ ਕੀਤੀ ਗਈ ਹੈ। ਆਸਟ੍ਰੇਲੀਆ ਦੇ ਪੰਜਾਬੀ ਵੀ ਇਸ ਕੇਸ ਵਿਚ ਇਨਸਾਫ਼ ਦੀ ਮੰਗ ਕਰ ਰਹੇ ਹਨ। ਬੀਤੀ 14 ਮਾਰਚ ਨੂੰ ਪਿੰਡ ਬੱਗੇ ਕੇ ਪਿੱਪਲ ਵਿਚ ਆਪਣੇ ਪੇਕੇ ਘਰੋਂ ਲਾਪਤਾ ਹੋਈ ਰਵਨੀਤ ਕੌਰ (29) ਦੀ ਲਾਸ਼ ਲਹਿਰਾਗਾਗਾ ਤੋਂਮਿਲੀ ਅਤੇ ਦੋਸ਼ਲਾਇਆ ਗਿਆ ਸੀ ਕਿ ਉਸ ਦੇ ਪਤੀ ਜਸਪ੍ਰੀਤ ਸਿੰਘ ਨੇ ਆਸਟ੍ਰੇਲੀਆ ਵਿਚ ਬੈਠ ਕੇ ਆਪਣੀ ਪ੍ਰੇਮਿਕਾ ਕਿਰਨਜੀਤ ਕੌਰ ਨੂੰ ਭਾਰਤ ਭੇਜ ਕੇ ਪਤਨੀ ਦਾ ਕਤਲ ਕਰਾਇਆ ਸੀ।

# ਬੇਬੇ ਨਾਨਕੀ ਦਾ ਘਰ ਵੀ ਬਾਬਾ ਜਗਤਾਰ ਸਿੰਘ ਦੀ ਸੇਵਾ ਨੇ ਕਿਲ੍ਹਾ ਬਣਾਇਆ ਸੀ

ਜਲੰਧਰ, 3 ਅਪ੍ਰੈਲ (ਪੋਸਟ ਬਿਊਰੋ)- ਸਿੱਖ ਧਰਮ ਦੇ ਪਹਿਲੇ ਵਿਰਾਸਤੀ ਘਰ ਵਜੋਂ ਜਾਣੇ ਜਾਂਦੇ ਬੇਬੇ ਨਾਨਕੀ ਦੇ ਘਰ ਨੂੰ ਕਾਰ ਸੇਵਾ ਵਾਲੇ ਬਾਬਿਆਂ ਨੇ ਖਤਮ ਕਰ ਦਿੱਤਾ ਸੀ। ਉਸ ਦੀ ਥਾਂ ਨਵੀਂ ਬਣਾਈ ਇਮਾਰਤ ਕਿਲ੍ਹੇ ਦਾ ਭੁਲੇਖਾ ਪਾਉਂਦੀ ਹੈ। ਬੇਬੇ ਨਾਨਕੀ ਦਾ ਘਰ ਢਾਹੁਣ ਦੀ 'ਸੇਵਾ' ਵੀ ਬਾਬਾ ਜਗਤਾਰ ਸਿੰਘ ਨੇ ਕੀਤੀ ਸੀ, ਜਿਨ੍ਹਾਂ ਨੇ ਅੱਧੀ ਰਾਤ ਨੂੰ ਤਰਨ ਤਾਰਨ ਦੇ ਸ੍ਰੀ ਦਰਬਾਰ ਸਾਹਿਬ ਦੀ 180 ਸਾਲ ਪੁਰਾਣੀ ਦਰਸ਼ਨੀ ਡਿਓੜੀ ਨੂੰ ਢਾਹੁਣ ਦਾ ਗੁਨਾਹ ਕੀਤਾ ਹੈ।

ਵਰਨਣ ਯੋਗ ਹੈ ਕਿ ਬੇਬੇ ਨਾਨਕੀ ਦਾ ਤਿੰਨ ਮੰਜ਼ਿਲਾ ਘਰ ਸੁਲਤਾਨਪੁਰ ਲੋਧੀ ਦੇ ਸਿੱਖਾਂ ਮੁਹੱਲੇ ਵਿੱਚ ਸੀ। ਇਸ ਇਤਿਹਾਸਕ ਤੇ ਵਿਰਾਸਤੀ ਘਰ ਨੂੰ ਸੰਭਾਲਣ ਦੇ ਯਤਨ ਨਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੀਤੇ ਅਤੇ ਨਾ ਕਾਰ ਸੇਵਾ ਕਰਵਾ ਰਹੇ ਬਾਬਾ ਜਗਤਾਰ ਸਿੰਘ ਨੇ ਕੀਤੇ ਸਨ। ਇਤਿਹਾਸਕਾਰਾਂ ਮੁਤਾਬਕ ਬੇਬੇ ਨਾਨਕੀ ਦੇ ਘਰ ਨੂੰ ਦੇਖਣ ਲਈ ਮਹਾਰਾਜਾ ਰਣਜੀਤ ਸਿੰਘ ਵੀ ਸੁਲਤਾਨਪੁਰ ਲੋਧੀ ਆਏ ਸਨ।

ਜਦੋਂ ਸ਼੍ਰੋਮਣੀ ਕਮੇਟੀ ਨੇ ਇਸ ਦੀ ਕਾਰ ਸੇਵਾ ਦਾ ਕੰਮ 2001 ਵਿੱਚ ਬਾਬਾ ਜਗਤਾਰ ਸਿੰਘ ਨੂੰ ਸੌਂਪਿਆ ਤਾਂ ਬੇਬੇ ਨਾਨਕੀ ਵੱਲੋਂ ਆਪਣੇ ਹੱਥੀਂ ਵਿਹੜੇ ਵਿੱਚ ਲਾਇਆ ਬੋਹੜ ਦਾ ਰੁੱਖ ਉਸ ਦੇ ਬਾਅਦ ਵੀ ਚਸ਼ਮਦੀਦ ਗਵਾਹ ਵਜੋਂ ਖੜਾ ਹੈ। ਘਰ ਦੇ ਅੰਦਰ ਅਤੇ ਬਾਹਰ ਦੋ ਪੁਰਾਤਨ ਖੂਹੀਆਂ ਹਨ। ਇਨ੍ਹਾਂ ਖੂਹੀਆਂ ਦਾ ਪਾਣੀ 90ਵਿਆਂ ਵਿੱਚ ਸੁੱਕ ਗਿਆ ਸੀ। ਸਾਲ 1969 ਵਿੱਚ ਗੁਰੂ ਨਾਨਕ ਦੇਵ ਜੀ ਦੇ 500ਵੇਂ ਪ੍ਰਕਾਸ਼ ਪੁਰਬ ਮੌਕੇ ਇਸ ਘਰ 'ਤੇ ਨਾਜਾਇਜ਼ ਕਬਜ਼ੇ ਹੋ ਚੁੱਕੇ ਸਨ। ਓਦੋਂ ਪੰਜਾਬ ਸਰਕਾਰ ਨੇ ਇਸ ਘਰ ਨੂੰ ਖਾਲੀ ਕਰਵਾਉਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਤੇ ਅੱਜ 50 ਸਾਲਾਂ ਬਾਅਦ ਜਦੋਂ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ 12 ਨਵੰਬਰ ਨੂੰ ਮਨਾਇਆ ਜਾਣਾ ਹੈ ਤਾਂ ਸਿੱਖ ਸੰਗਤ ਬੇਬੇ ਨਾਨਕੀ ਦੇ ਅਸਲ ਘਰ ਦੇ ਦਰਸ਼ਨ ਨਹੀਂ ਕਰ ਸਕੇਗੀ। ਸਾਲ 2001 ਵਿੱਚ ਬੇਬੇ ਨਾਨਕੀ ਦੇ ਘਰ ਦੀ ਕਾਰ ਸੇਵਾ ਕਰਨ ਵਾਲੇ ਬਾਬਾ ਜਗਤਾਰ ਸਿੰਘ ਨੇ ਉਦੋਂ ਦਾਅਵਾ ਕੀਤਾ ਸੀ ਕਿ ਜਦੋਂ ਆਪਣਾ ਘਰ ਵੀ ਖਸਤਾ ਹਾਲਤ ਵਿੱਚ ਹੋ ਜਾਵੇ ਤਾਂ ਉਸ ਨੂੰ ਢਾਹ ਕੇ ਮਜ਼ਬੂਤ ਬਣਾਇਆ ਜਾਂਦਾ ਹੈ, ਇਸੇ ਤਰ੍ਹਾਂ ਬੇਬੇ ਨਾਨਕੀ ਦੇ ਘਰ ਨੂੰ ਵੀ ਮਜ਼ਬੂਤ ਬਣਾਇਆ ਜਾਵੇਗਾ। ਕਾਰ ਸੇਵਾ ਨਾਲ ਨਵੇਂ ਬਣਾਏ ਘਰ ਨੂੰ ਗੇਰੂਆ ਰੰਗ ਕੀਤਾ ਗਿਆ ਤੇ ਬਾਹਰਲਾ ਦ੍ਰਿਸ਼ ਕਿਸੇ ਕਿਲ੍ਹੇ ਵਾਂਗ ਬਣਾ ਦਿੱਤਾ ਗਿਆ। ਇਸ ਮੁਹੱਲੇ ਵਿੱਚ ਰਹਿੰਦੇ ਲੋਕਾਂ ਨੂੰ ਅੱਜ ਵੀ ਇਸ ਗੱਲ ਦਾ ਦੁੱਖ ਹੈ ਕਿ ਜਦੋਂ ਬੇਬੇ ਨਾਨਕੀ ਦਾ ਘਰ ਢਾਹਿਆ ਗਿਆ ਤਾਂ ਉਨ੍ਹਾਂ ਦੀਆਂ ਧਾਹਾਂ ਨਿਕਲੀਆਂ ਸਨ, ਪਰ ਕਾਰ ਸੇਵਾ ਵਾਲੇ ਬਾਬਿਆਂ ਅੱਗੇ ਕਿਸੇ ਦੀ ਪੇਸ਼ ਨਹੀਂ ਗਈ। ਸੁਲਤਾਨਪੁਰ ਲੋਧੀ ਦੇ ਲੋਕ ਅੱਜ ਵੀ ਇਤਿਹਾਸਕ ਨਿਸ਼ਾਨੀ ਮਿਟਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜ਼ਿੰਮੇਵਾਰ ਦੱਸ ਰਹੇ ਹਨ।

# ਗੁਰਦੁਆਰਾ ਛੋਟਾ ਘੱਲੂਘਾਰਾ ਕੇਸ ਵਿੱਚ ਹਾਲੇ ਸੰਮਨ ਤਾਮੀਲ ਨਹੀਂ ਹੋਏ

ਕਾਹਨੂੰਵਾਨ, 3 ਅਪ੍ਰੈਲ (ਪੋਸਟ ਬਿਊਰੋ)- ਛੋਟਾ ਘੱਲੂਘਾਰਾ ਵਾਲੇ ਦੋ ਸਾਲ ਪੁਰਾਣੇ ਕੇਸ ਵਿੱਚ ਨਾਮਜ਼ਦ 300 ਦੇ ਕਰੀਬ ਅਕਾਲੀ ਆਗੂਆਂ, ਟਕਸਾਲੀ ਤੇ ਪਗੜੀ ਸੰਭਾਲ ਲਹਿਰ ਦੇ ਆਗੂਆਂ ਨੂੰ ਅਦਾਲਤੀ ਪੇਸ਼ੀ ਲਈ ਸੰਮਨ ਤਾਮੀਲ ਕਰਵਾਉਣ ਲਈ ਜ਼ਿਲਾ ਪੁਲਸ ਨੂੰ ਪਰੇਸ਼ਾਨੀ ਦੀ ਵਜ੍ਹਾ ਬਣ ਗਏ ਹਨ।

ਵਰਨਣ ਯੋਗ ਹੈ ਕਿ ਸਾਲ 2017 ਦੇ ਅਗਸਤ ਵਿੱਚ ਇਤਿਹਾਸਕ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਵਿਖੇ ਵਾਪਰੀਆਂ ਘਟਨਾਵਾਂ ਤੋਂ ਬਾਅਦ ਰੋਸ ਫੈਲ ਗਿਆ ਸੀ ਤਾਂ ਅਕਾਲੀ ਦਲ ਨੇ ਅਕਾਲ ਤਖਤ ਦੇ ਉਸ ਵਕਤ ਦੇ ਜਥੇਦਾਰ ਗੁਰਬਚਨ ਸਿੰਘ ਖਾਲਸਾ, ਜ਼ਿਲਾ ਪ੍ਰਧਾਨ ਸੁੱਚਾ ਸਿੰਘ ਲੰਗਾਹ ਤੇ ਸੇਵਾ ਸਿੰਘ ਸੇਖਵਾਂ ਦੀ ਅਗਵਾਈ ਵਿੱਚ ਇਕੱਠ ਕੀਤਾ ਸੀ। ਇਸ ਇਕੱਠ ਵਿੱਚ ਜਾਂਦੇ ਸਮੇਂ ਅਕਾਲੀ ਦਲ ਦੇ ਆਗੂਆਂ, ਸਮਰਥਕਾਂ ਅਤੇ ਪੁਲਸ ਵਿਚਕਾਰ ਪਿੰਡ ਮਾਨ ਚੋਪੜਾ ਤੇ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਨੇੜੇ ਟਕਰਾਅ ਹੋ ਗਿਆ ਸੀ। ਇਸ ਦੇ ਬਾਅਦ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਕੀਤੀ ਸ਼ਿਕਾਇਤ ਉੱਤੇ ਉਸ ਵੇਲੇ ਦੇ ਵੱਡੇ ਅਕਾਲੀ ਆਗੂਆਂ ਅਤੇ ਸੈਂਕੜੇ ਸਮਰਥਕਾਂ ਖਿਲਾਫ ਥਾਣਾ ਭੈਣੀ ਮੀਆਂ ਖਾਂ ਅਤੇ ਥਾਣਾ ਤਿੱਬੜ ਵਿੱਚ ਵੱਖ-ਵੱਖ ਸੰਗੀਨ ਧਾਰਾਵਾਂ ਦੇ ਕੇਸ ਦਰਜ ਕੀਤੇ ਗਏ ਸਨ। ਇਨ੍ਹਾਂ ਦੀ ਸੁਣਵਾਈ ਗੁਰਦਾਸਪੁਰ ਅਦਾਲਤ ਵਿੱਚ ਚੱਲ ਰਹੀ ਹੈ, ਪਰ ਕੇਸ ਵਿੱਚ ਨਾਮਜ਼ਦ ਕੀਤੇ ਅਕਾਲੀ ਆਗੂ ਤੇ ਉਨ੍ਹਾਂ ਦੇ ਅਣਪਛਾਤੇ ਸਮਰਥਕਾਂ ਨੂੰ ਜ਼ਿਲਾ ਪੁਲਸ ਅਦਾਲਤ ਵਿੱਚ ਪੇਸ਼ ਨਹੀਂ ਕਰ ਸਕਿਆ, ਜਿਸ ਕਰਕੇ ਅਦਾਲਤ ਨੇ ਅਕਾਲੀ, ਟਕਸਾਲੀ ਤੇ ਪੱਗੜੀ ਸੰਭਾਲ ਆਗੂਆਂ ਤੋਂ ਇਲਾਵਾ ਜ਼ਿਲਾ ਪੁਲਸ ਨੂੰ ਚਿਤਾਵਨੀ ਦੇ ਕੇ ਪੇਸ਼ ਹੋਣ ਦੇ ਹੁਕਮ ਕੀਤੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
iccrc
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Inderjit Singh
Daljit Singh
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

Paramjit Deol Broker CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
Your neighborhood broker, Call Paramjit Deol Today

TORONTO $6.99/Sq Ft — 22 Arrow Rd 1: Rear Freestanding Building, Approx. 7,000 Sq Ft, Zoning Allows For Industrial, Retail & Outside Storage. Currently Operating As A Furniture Store. Located In High Demand Area.
Chatham-Kent $85,000 — 2 Chittim Rd 408 : Excellent Opportunity For Investors & 1st Time Buyers, Excellent Location, Low Maintenance, Close To Downtown & To Hwy 401, Currently Tenanted Property, Low Maintenance Fee.
TORONTO $140,000 — 45 Four Winds Dr : Pizza Store For Sale In A Busy Mall Steps To York University, Tons Of Foot Traffic, Walking Distance From Kids Schools, Residential Apartments/ Condos Minutes Away.
BRAMPTON $169,900 — Photo Not Available — 537 Van Kirk Dr 110 : Turn Key Operation, Well-Established Pets Pizzeria, No Franchise Fees Or Royalty, Low Rent Of $2,700. Situated In A good Neighborhood, Sales Of $30,000 Per Month.
BRAMPTON $195,900 — Photo Not Available — 2070 Steeles Ave 18: Turn Key Operation, Well Established Truck Repair Shop, Located In Brampton. Be Your Own Boss Today. Situated On A Very Busy Street With Tons Of Trucks Passing By Daily, Great Clientele, Sales Are $55,000 Per Month As Per Seller.
BRAMPTON $199,900 — Photo Not Available — 8770 The Gore Rd 6 : Turn Key Operation, Well Established Sri Lankan & South Indian Restaurant, Be Your Own Boss Today, Situated In A Very Busy Plaza, Surrounded By Thousands Of Homes, High Traffic Flow.
BRAMPTON $199,000 — 25 Cherrycrest Dr: Excellent Chance To Be Your Own Boss. Well Established Pizza Fresh, Lots Of $$ Spent On Upgrades, Great Location, Very Low Rent. Developing Area With Lots Of Money Making Opportunity, Sales Are $55,000 Per Month
BRAMPTON $369,000 — 15 Brisdale Dr 7&8 : ਹੱਥੋ ਲੰਘ ਗਿਆ ਸਮਾਂ ਵਾਪਿਸ ਨਹੀ ਆਉਣਾ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ,ਬਹੁਤ ਹੀ ਵਧੀਆ ਚਲ ਰਹੀ ਬਾਰ/ਪੱਬ ਵਿਕਾਊ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $70,000/ਮਹੀਨਾ, ਆਦਿ।
TORONTO $309,000 — 320 Dixon Rd 1715: Oversized Large Spacious 3 Bedroom Apartment With 2 Washrooms Beautifully Maintained. Many Upgrades To The Common Elements Of This Building , Very Desirable Neighbourhood To Live In Or Invest.
BRAMPTON $349,000 — SUBWAY eat fresh. — 3024 Hurontario St G7 : Well Established. Turn Key Operation Subway Franchise, Be Your Own Boss Today, Located In A High Density Intersection, High Volume Traffic Flow, Sales Are $32,000.
BRAMPTON $449,000 — 315 Royal West Dr F & G : Be Your Own Boss Today! Opportunity To Own A Known Fitness Franchise "Anytime Fitness" Located In Brampton West, Newer Plaza, 750 Members & Growing, All New Equipment. Sales Are $30,000/Month,
MISSISSAUGA $469,000 — Photo Not Available — 349 Rathburn Rd W 1601: First Time Buyers & Investors Assignment Sale New Condo Project Located Just Few Minutes From Square One, Sheridan College, Movie Theater, Go Bus Terminal, Hey 403, Library, Restaurants And Many More Amenities.
BRAMPTON $469,000 — Photo Not Available — 537 Van Kirk Dr 110: For sale Please call 905-405-8484
BRANTFORD $525,000 — 118&120 Morrell St: Great Investment With Great Income!!! Located In Brantford , Total Space Of 4,000 Sq Ft. 2,000 Sq Ft Of Storefront & 4 One Bedroom Apartments. All Are Currently Leased.
MISSISSAUGA $629,000 — Photo Not Available — 7680 Benavon Rd: Beautifully Kept Semi-Detached Home In One Of Malton's Prime Areas. Large 3 Bedrooms On 2nd Floor, Basement Is Finished With Separate Entrance. Excellent Opportunity For Investors.
BRAMPTON $779,000 — 9 Loftsmoor Dr: Immaculate Semidetached Corner Lot With Lots Of Sunshine All Year Around, Plus An Over Sized Backyard, Gleaming Hardwood Floors & Upgraded Washrooms. Must See
*Canadian punjabi post assumes no responsibility for the accuracy of any information shown. Copyright Ppost 2019

Sikh Heritage month

# Sikh Canadians have made significant contributions to Canada



By: Surjit Singh Flora

Canada is known around the world as a welcoming, diverse and tolerant nation. This is the result of Canadians of all backgrounds, ethnicities and cultures making sure that Canada became a country that we could all be proud of. This is one of the reasons we observe Italian, Tamil, Jewish and Asian heritage months, among many others, to recognize, honour and remember just exactly who we are. The values, principles and ideals that unite us all is a universal theme for Canadians.

April is officially Sikh Heritage Month in Canada and for the next few weeks, you'll be able to learn more about the Sikh religion and the rich cultural history of the Sikh people.

The organizers behind Sikh Heritage Month have put together a series of exciting and informative panels, workshops, and events to celebrate the contributions of all Sikh- Canadians and to develop a greater understanding of Sikhism.

Public awareness videos will also roll out over digital platforms that are designed to educate and raise awareness of the diversity that exists within the Sikh community, especially among those who chose to be visible Sikhs and wear the articles of the Sikh faith.

Sikh Heritage Month was first recognized in Ontario in 2013. The month of April in the Canadian province of Ontario observed as Sikh Heritage Month every year. After A bill brought by Brampton New Democrat MPP Jagmeet Singh (now leader of federal NDP party) to have April recognized as Sikh Heritage Month and it was approved in the Legislative Assembly of Ontario.

Then on Nov. 7, 2018, federal Parliament voted to celebrate "Sikh Heritage Month" nationally in April of every year. After MP Sukh Dhaliwal's bill was passed in the Canadian parliament.

"Sikh Canadians have made significant contributions to Canada's social, economic, political and cultural fabric,"

It is also important to acknowledge that the journey Sikhs have endured in Canada has not always been easy. Along the way, the community faced intolerance and prejudice. These challenges effectively made Sikhs second-class citizens by being subjected to unfair labour laws.

Many Canadians know about the terrible Komagata Maru incident and the rejection of Sikhs who had arrived in Vancouver looking for a new beginning. They were turned away simply because of discriminatory laws.

However, we are doing our part as a government to correct these historical wrongs. The formal apology in the House by the Prime Minister, also the member for Papineau, in 2016 showed that we as a nation have progressed.

Laws began to change that would allow those of Sikh faith to be considered equal members of Canadian society. By 1947, Sikhs were able to vote in federal elections. They embraced the right to cast a ballot, viewing civic participation as more than a right, but as an essential part of citizenship.

In 1908, the Sikh community came together to build the first gurdwara in Canada located in Vancouver. This became a centre for faith, shelter, advocacy and gathering, where community leaders worked to find ways to make a positive impact on the larger Canadian community.

"The Articles of Faith and the turban worn by Sikhs ensures that they are always recognizable and visible. The Sikh identity was engineered to stand out and compel Sikh's to battle for justice and equality,"

Also the rich Sikh history in Canada is very personal to me because it is also reflective of my own 30 years in Canada personal journey and experience , The Canadian charters of right let me wear turban on my head and keep long beard on my face as well as let me wear my five "K" on my body such as Kesh (uncut), Kara (a steel bracelet), Kanga (a wooden comb) Kaccha (cotton underwear) Kirpan (steel sword)

April also marks the celebration of Vaisakhi, an event which honours the creation of the Khalsa in Sikhism. Vancouver, Surrey and Toronto all three host Vaisakhi parades, which are the biggest in North America. Sikh Heritage Month events and the public awareness campaign will continue throughout April. Enjoy and Happy Sikh Heritage month!

# 11ਵੀਂ ਸੈਣੀ ਨਾਈਟ ਸਫਲ ਰਹੀ



ਬਰੈਂਪਟਨ (ਬਲਬੀਰ ਮੋਮੀ): 30 ਮਾਰਚ, 2019 ਨੂੰ ਬਲਵਿੰਦਰ ਸੈਣੀ ਤੇ ਉਹਨਾਂ ਦੇ ਸਾਥੀਆਂ ਦੇ ਯਤਨਾਂ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 11ਵੀਂ ਸੈਣੀ ਨਾਈਟ ਬੜੀ ਧੂਮ ਧਾਮ ਨਾਲ ਮਨਾਈ ਗਈ। ਪੂਰਾ ਹਾਲ ਖਚਾ ਖਚ ਭਰਿਆ ਹੋਇਆ ਸੀ। ਫੂਡ ਅਤੇ ਮਨੋਰੰਜਨ ਦਾ ਇੰਤਜ਼ਾਮ ਬਹੁਤ ਵਧੀਆ ਸੀ। ਸਪੀਕਰ ਦੀ ਆਵਾਜ਼ ਦੀ ਹਾਲ ਵਿਚ ਈਕੋ ਨਹੀਂ ਸੀ ਤੇ ਸਾਫ ਸੁਣਾਈ ਦਿੰਦੀ ਸੀ। ਇਸ ਮੌਕੇ ਬਚਿਆਂ ਦੀਆਂ ਟੀਮਾਂ ਨੇ ਗਿਧੇ ਅਤੇ ਭੰਗੜੇ ਦੇ ਕਈ ਬਹੁਤ ਪ੍ਰਭਾਵਸ਼ਾਲੀ ਪਰੋਗਰਾਮ ਪੇਸ਼ ਕੀਤੇ। ਪੀਣ ਵਾਲਿਆਂ ਲਈ ਬਾਰ ਬਿਲਕੁਲ ਫਰੀ ਸੀ। ਇਸ ਲਈ ਮਦਰਾ ਦੇ ਰਸੀਆਂ ਨੇ ਦਾਰੂ ਦਾ ਖੂਬ ਅਨੰਦ ਮਾਣਿਆ ਤੇ ਮਨ ਭੌਂਦਾ ਰਜਵਾਂ ਖਾਣਾ ਖਾਧਾ। ਦਿੱਲੀ ਦੇ ਉਘੇ ਬਜ਼ੁਰਗ ਰੇਡੀਓ ਪੱਤਰਕਾਰ ਸ੍ਰੀ ਜੈਕਾਰ ਲਾਲ ਦੁੱਗਲ ਸਿਰ ਤੇ ਪੰਜਾਬੀ ਦਸਤਾਰ ਸਜਾ ਕੇ ਆਏ। ਕਮਿਉਨਿਟੀ ਦੇ ਹੋਰ ਵੀ ਕਈ ਪਤਵੰਤੇ ਸੱਜਨ ਜਿਵੇਂ ਸ੍ਰੀ ਸੁਰਿੰਦਰ ਸਿੰਘ ਪਾਮਾ, ਸਾਬਕਾ ਪੰਜਾਬ ਇਰੀਗੇਸ਼ਨ ਅਫਸਰ ਗੁਰਦਾਸਪੁਰ ਅਤੇ ਐਡੀਟਰ ਚੇਤਨਾ, ਖੰਨੇ ਵਾਲਾ ਚਰਨਜੀਤ ਸਿੰਘ ਸੋਹਲ, ਗਾਇਕ ਗੁਰਮੁਖ ਸਿੰਘ, ਅਵਤਾਰ ਸਿੰਘ ਹਾਰ ਸ਼ਿੰਗਾਰ, ਸਵਿਚ ਲੋਡ ਵਾਲੇ, ਨਰਿੰਦਰ ਪਾਬਲਾ, ਰਵਿੰਦਰ ਸਿੰਘ ਚਾਇਸ ਕਾਰਪੈੱਟ, ਸੈਵਨ ਸੀਜ਼ ਇਮੀਗਰੇਸ਼ਨ, ਹਰਮੀਤ ਸਿੰਘ, ਹਰਜੀਤ ਸੈਣੀ ਆਦਿ ਵਿਸ਼ੇਸ਼ ਤੌਰ ਤੇ ਪੁਜੇ ਹੋਏ ਸਨ। ਆ ਜਾ ਕੇ ਸੈਣੀ ਨਾਈਟ ਬਬਹੁਤ ਸਫਲ ਰਹੀ ਜਿਸ ਲਈ ਬਲਵਿੰਦਰ ਸੈਣੀ ਤੇ ਉਹਨਾਂ ਦੇ ਸਾਥੀ ਵਧਾਈ ਦੇ ਹਕਦਾਰ ਹਨ।

# ਮਨੀ ਲਾਂਡਰਿੰਗ ਮਾਮਲਾ : ਰਾਬਰਟ ਵਾਡਰਾ ਨੂੰ ਜ਼ਮਾਨਤ ਮਿਲੀ, ਪਰ ਵਿਦੇਸ਼ ਯਾਤਰਾ ਦੀ ਰੋਕ ਲੱਗੀ ਰਹੀ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਮਨੀ ਲਾਂਡਰਿੰਗ ਕੇਸ ਵਿਚ ਵਿੱਚ ਫਸੇ ਰਾਬਰਟ ਵਾਡਰਾ ਅਤੇ ਉਨ੍ਹਾਂ ਦੇ ਨੇੜਲੇ ਮਿੱਤਰ ਮਨੋਜ ਅਰੋੜਾ ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਰਾਹਤ ਦਿੱਤੀ ਹੈ। ਦੋਵਾਂ ਨੂੰ ਅਦਾਲਤ ਨੇ 5 ਲੱਖ ਰੁਪਏ ਦੇ ਨਿੱਜੀ ਮੁਚਲਕੇ ਉੱਤੇ ਜ਼ਮਾਨਤ ਦੇ ਦਿੱਤੀ, ਪਰ ਕਿਹਾ ਹੈ ਕਿ ਉਹ ਬਿਨਾਂ ਆਗਿਆ ਵਿਦੇਸ਼ ਨਹੀਂ ਜਾ ਸਕਦੇ।

ਅਦਾਲਤ ਨੇ ਰਾਬਰਟ ਵਾਡਰਾ ਨੂੰ ਜਾਂਚ ਵਿੱਚ ਸਹਿਯੋਗ ਕਰਨ, ਸਬੂਤਾਂ ਨਾਲ ਛੇੜਛਾੜ ਨਾ ਕਰਨ ਅਤੇ ਗਵਾਹਾਂ ਨੂੰ ਪ੍ਰਭਾਵਤ ਨਾ ਕਰਨ ਲਈ ਕਿਹਾ ਹੈ। ਇਸ ਦੇ ਨਾਲ ਅਦਾਲਤ ਨੇ ਸੱਦੇ ਜਾਣ ਉੱਤੇ ਜਾਂਚ ਲਈ ਮੌਜੂਦ ਰਹਿਣ ਦਾ ਨਿਰਦੇਸ਼ ਦਿੱਤਾ ਹੈ। ਪਿਛਲੀ ਸੁਣਵਾਈ ਵੇਲੇ ਅਦਾਲਤ ਨੇ ਆਪਣਾ ਫੈਸਲਾ ਰਾਖਵਾਂ ਰੱਖ ਲਿਆ ਸੀ।

Jobs Jobs Jobs
Window Assemblers & Line workers
Machine Operators Needed
ਅੱਜ ਆਓ ਤੇ ਕੱਲ ਕੰਮ ਤੇ ਜਾਓ
– Full time/Part time workers Needed
– Morning & Afternoon Shifts Available
– 12 ਘੰਟੇ ਦੀਆਂ Shifts Available ਹਨ
– Basic Knowledge of English Needed
– ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
– ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ
– Manufacturing Experience Must
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
416.477.3344 (Neha)
2355 Derry Rd E, Unit #20, 2nd Floor, Mississauga
Torbram/Derry intersection ਦੇ ਨੇੜੇ

# ਬੀਤੇ ਤੀਹ ਸਾਲਾਂ ਵਿੱਚ ਵੋਟ ਨੂੰ ਸੀਟ ਵਿੱਚ ਬਦਲਣ ਵਿੱਚ ਅਸਫਲ ਰਹੇ ਪ੍ਰਮੁੱਖ ਦਲ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਤਿੰਨ ਦਹਾਕਿਆਂ ਵਿੱਚ ਕਈ ਵਾਰ ਅਜਿਹੇ ਮੌਕੇ ਆਏ, ਜਦ ਜ਼ਿਆਦਾ ਵੋਟ ਫੀਸਦੀ ਪ੍ਰਾਪਤ ਕਰਨ ਵਾਲੇ ਦਲ ਨੂੰ ਵਿਰੋਧੀ ਧਿਰ ਵਿੱਚ ਬੈਠਣਾ ਪਿਆ ਤੇ ਘੱਟ ਵੋਟਾਂ ਵਾਲੇ ਦਲ ਸਰਕਾਰ ਬਣਾਉਣ ਵਿੱਚ ਸਫਲ ਰਹੇ। ਸਾਲ 1989 ਦੀਆਂ ਲੋਕ ਸਭਾ ਚੋਣਾਂ ਵਿੱਚ 39.5 ਫੀਸਦੀ ਵੋਟ ਲੈਣ ਵਾਲੀ ਕਾਂਗਰਸ ਸਰਕਾਰ ਨਹੀਂ ਸੀ ਬਣਾ ਸਕੀ, ਜਦ ਕਿ 2014 ਵਿੱਚ 31 ਫੀਸਦੀ ਵੋਟ ਦੇ ਨਾਲ ਭਾਜਪਾ ਨੇ ਬਹੁਮਤ ਦੀ ਸਰਕਾਰ ਬਣਾਈ। 1989, 1996, 1998 ਅਤੇ 1999 ਦੇ ਲੋਕ ਸਭਾ ਚੋਣਾਂ ਇਸ ਦੀ ਸਭ ਤੋਂ ਵੱਡੇ ਮਿਸਾਲ ਸਨ, ਜਦ ਵੱਧ ਵੋਟ ਫੀਸਦੀ ਹਾਸਲ ਕਰਨ ਵਾਲੀ ਪਾਰਟੀ ਸੱਤਾ ਤੋਂ ਬਾਹਰ ਰਹੀ ਸੀ।

ਸਾਲ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ 39.53 ਫੀਸਦੀ ਵੋਟ ਮਿਲੇ ਤੇ ਉਹ 197 ਸੀਟਾਂ ਜਿੱਤਣ ਦੇ ਬਾਵਜੂਦ ਸਰਕਾਰ ਨਹੀਂ ਬਣਾ ਸਕੀ ਸੀ। ਉਸ ਵੇਲੇ 17.8 ਫੀਸਦੀ ਵੋਟ ਲੈਣ ਵਾਲੇ ਜਨਤਾ ਦਲ ਦੀ ਅਗਵਾਈ ਵਿੱਚ ਸਰਕਾਰ ਬਣਾਈ ਗਈ ਸੀ। ਸਾਲ 1996 ਵਿੱਚ ਵੀ ਕਰੀਬ ਅੱਠ ਫੀਸਦੀ ਵੋਟ ਲੈਣ ਵਾਲੇ ਜਨਤਾ ਦਲ ਦੀ ਅਗਵਾਈ ਵਿੱਚ ਸਾਂਝੇ ਮੋਰਚੇ ਦੀ ਸਰਕਾਰ ਬਣੀ, ਜਦ ਕਿ 20 ਫੀਸਦੀ ਵੋਟ ਹਿੱਸੇਦਾਰੀ ਵਾਲੀ ਭਾਜਪਾ ਬਹੁਮਤ ਹਾਸਲ ਨਹੀਂ ਕਰ ਸਕੀ ਅਤੇ ਅਟਲ ਬਿਹਾਰੀ ਵਾਜਪਾਈ ਨੂੰ 13 ਦਿਨ ਵਿੱਚ ਅਸਤੀਫਾ ਦੇਣਾ ਪਿਆ ਸੀ। ਸਾਲ 1998 ਦੀਆਂ ਚੋਣਾਂ ਵਿੱਚ ਭਾਜਪਾ ਦਾ ਵੋਟ ਫੀਸਦੀ 25.59 ਰਿਹਾ ਅਤੇ ਉਸ ਨੇ 182 ਸੀਟਾਂ ਦੇ ਨਾਲ ਗਠਜੋੜ ਸਰਕਾਰ ਬਣਾਈ। ਇਸ ਵਾਰ ਵੀ ਕਾਂਗਰਸ ਨੂੰ ਭਾਜਪਾ ਤੋਂ ਵੱਧ 26.14 ਫੀਸਦੀ ਵੋਟ ਮਿਲੇ, ਪਰ ਉਹ ਸਰਕਾਰ ਨਹੀਂ ਬਣਾ ਸਕੀ ਸੀ। ਸਾਲ 1999 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦਾ ਵੋਟ ਫੀਸਦੀ 23.75 ਸੀ। ਉਸ ਨੂੰ 182 ਸੀਟਾਂ ਮਿਲੀਆਂ ਅਤੇ ਉਸ ਨੇ ਗਠਜੋੜ ਸਰਕਾਰ ਬਣਾਈ ਸੀ। ਇਸ ਚੋਣ ਵਿੱਚ ਕਾਂਗਰਸ ਨੂੰ ਭਾਜਪਾ ਤੋਂ ਕਰੀਬ ਸਾਢੇ ਚਾਰ ਫੀਸਦੀ ਵੱਧ ਵੋਟ ਹਿੱਸੇਦਾਰੀ ਯਾਨੀ 28.30 ਫੀਸਦੀ ਵੋਟ ਮਿਲੇ ਅਤੇ 114 ਸੀਟਾਂ ਪ੍ਰਾਪਤ ਕਰ ਕੇ ਉਹ ਸਰਕਾਰ ਨਹੀਂ ਬਣਾ ਸਕੀ। ਸਾਲ 2014 ਵਿੱਚ ਭਾਜਪਾ ਨੇ 31 ਫੀਸਦੀ ਵੋਟ ਹਿੱਸੇ ਦੇ ਆਧਾਰ 'ਤੇ 282 ਸੀਟਾਂ ਜਿੱਤੀਆਂ ਤੇ ਉਸ ਦੀ ਅਗਵਾਈ ਵਿੱਚ ਸਰਕਾਰ ਬਣੀ।

Tax & Accounting
ਟੈਕਸ ਕਿਵੇਂ ਤੇ ਕਿਥੇ ਬਚਾਇਆ ਜਾ ਸਕਦਾ ਹੈ?
•TAX •HST REBATE •CORPORATION SET UP
•ACCOUNTING •BUSINESS LOAN
CA CPA
info@cagrover.com
ਇਮਾਨਦਾਰ ਤੇ ਭਰੋਸੇ ਯੋਗ ਸੇਵਾਵਾਂ ਲਈ ਕਾਲ ਕਰੋ:905.247.0193



148-2960 Drew Road, Mississauga ON L4T 0A5 | Harcharan S. Grover

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦੀਨ ਕੰਮ ਸੋਮਵਾਰ ਤੋਂ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic



ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647-533-1100, 416-278-7181
(Call from 9am to 6pm)

# ਸੰਪਾਦਕੀ

## ਮਸਾਂ ਲੱਭੇ ਵਿਸ਼ਵਾਸ਼ ਦੀ ਹੱਤਿਆ ਦਾ ਦੁਖਾਂਤ

ਕੈਨੇਡਾ ਵਿੱਚ ਚਿਰਾਂ ਤੋਂ ਇੱਕ ਰਿਵ-ਾਇਤ ਚੱਲੀ ਆ ਰਹੀ ਹੈ ਜਿਸਦਾ ਨਾਮ daughters of vote ਭਾਵ ਵੋਟ ਦੀਆਂ ਧੀਆਂ ਹੈ। 2001 ਤੋਂ ਇਸ ਲਹਿਰ ਤਹਿਤ ਦੇਸ਼ ਭਰ ਦੀ ਹਰ ਰਾਈਡਿੰਗ ਵਿੱਚੋਂ 18 ਤੋਂ 23 ਸਾਲ ਉਮਰ ਦੇ ਦਰਮਿਆਨ ਇੱਕ ਨੌਜਵਾਨ ਲੜਕੀ ਨੂੰ ਪਾਰਲੀਮੈਂਟ ਵਿੱਚ ਇੱਕ ਦਿਨ ਬਿਤਾਉਣ ਲਈ ਬੁਲਾਇਆ ਜਾਂਦਾ ਹੈ। ਉਦੇਸ਼ ਹੁੰਦਾ ਹੈ ਕਿ ਇਹ ਲੜਕੀ ਕੈਨੇਡਾ ਦੀਆਂ ਲੋਕਤਾਂਤਰਿਕ ਕਦਰਾਂ ਕੀਮਤਾਂ ਬਾਰੇ ਜਾਣੇ ਅਤੇ ਅਜਿਹਾ ਅਨੁਭਵ ਲੈ ਕੇ ਜਾਵੇ ਜਿਸ ਨਾਲ ਉਹ ਖੁਦ ਅਤੇ ਆਪਣੇ ਆਲੇ ਦੁਆਲੇ ਦੇ ਹੋਰ ਨੌਜਵਾਨ ਖਾਸ ਕਰਕੇ ਲੜਕੀਆਂ ਨੂੰ ਲੋਕਤੰਤਰ ਵਿੱਚ ਹਿੱਸਾ ਲੈਣ ਲਈ ਉਤਸ਼ਾਹਿਰ ਕਰ ਸਕੇ।

ਕੱਲ ਕੈਨੇਡਾ ਭਰ ਤੋਂ ਪਾਰਲੀਮੈਂਟ ਵਿੱਚ ਪੁੱਜੀਆਂ 338 ਲੜਕੀਆਂ ਨੂੰ ਸੰਬੋਧਨ ਕਰਨ ਲਈ ਜਿਸ ਵੇਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬੋਲਣਾ ਆਰੰਭ ਕੀਤਾ ਤਾਂ ਕੁੱਝ ਲੜਕੀਆਂ ਉਸ ਵੱਲ ਪਿੱਠ ਘੁਮਾ ਕੇ ਖੜੀਆਂ ਹੋ ਗਈਆਂ। ਇੱਕ ਮਾਤਮ ਜੋ ਲੋਕਤੰਤਰ ਦੀ ਮਰਿਆਦਾ ਦੇ ਭੰਗ ਹੋਣ ਉੱਤੇ ਕੀਤਾ ਗਿਆ। ਅਜਿਹਾ ਵਰਤਾਰਾ ਸਟੀਫਨ ਹਾਰਪਰ ਜਾਂ ਕਿਸੇ ਹੋਰ ਆਗੂ ਦੀ ਹਾਜ਼ਰੀ ਵਿੱਚ ਹੋਇਆ ਹੁੰਦਾ ਤਾਂ ਸ਼ਾਇਦ ਇਸਦੇ ਅਰਥ ਬਹੁਤ ਵੱਖਰੇ ਕੱਢ ਲਏ ਜਾਂਦੇ ਪਰ ਜਸਟਿਨ ਟਰੂਡੋ ਲਈ ਅਜਿਹਾ ਹੋਣਾ ਨੌਜਵਾਨ ਲੜਕੀਆਂ ਦਾ ਸਾਡੇ ਸਿਸਟਮ ਵਿੱਚ ਵਿਸ਼ਵਾਸ਼ ਦੇ ਉੱਠ ਜਾਣ ਦਾ ਇੱਕ ਝਲਕਾਰਾ ਹੈ।

ਇਹ ਦੁਖਦਾਈ ਹੈ ਕਿਉਂਕਿ ਕੈਨੇਡੀਅਨਾਂ ਨੂੰ ਮਸਾਂ ਮਸਾਂ ਲੱਭੇ ਵਿਸ਼ਵਾਸ਼ ਦੀ ਇੱਕ ਕਿਸਮ ਨਾਲ ਆਤਮਹੱਤਿਆ ਹੋ ਚੁੱਕੀ ਹੈ। ਇਹ ਆਤਮਹੱਤਿਆ ਕਿਸੇ ਵਿਅਕਤੀ ਦੀ ਨਹੀਂ, ਕਿਸੇ ਅਹੁਦੇਦਾਰ ਦੀ ਨਹੀਂ, ਕਿਸੇ ਸਿਆਸੀ ਪਾਰਟੀ ਦੇ ਕਾਰਕੁਨ ਦੀ ਨਹੀਂ ਅਤੇ ਨਾ ਹੀ ਕਿਸੇ ਪ੍ਰਭਾਵਸ਼ਾਲੀ ਆਗੂ ਦੀ ਹੈ। ਆਤਮਹੱਤਿਆ ਹੋਈ ਹੈ ਉਸ ਵਿਸ਼ਵਾਸ਼ ਦੀ ਜਿਸ ਬਾਰੇ ਕੈਨੇਡੀਅਨਾਂ ਨੂੰ 2015 ਵਿੱਚ ਭਰੋਸਾ ਹੋਇਆ ਸੀ ਕਿ ਉਹ ਕਬਰਾਂ ਵਿੱਚੋਂ ਉੱਠ ਖਲੋਇਆ ਹੈ। ਅਫਸੋਸ ਕਿ ਇਹ ਵਿਸ਼ਵਾਸ਼ ਮਹਿਜ਼ ਚਾਰ ਸਾਲ ਤੋਂ ਵੀ ਘੱਟ ਉਮਰ ਹੰਢਾ ਮੁੜ ਉੱਥੇ ਜਾ ਪੁੱਜਾ ਹੈ ਜਿੱਥੇ ਤੋਂ ਅਚਾਨਕ ਉੱਗ ਖਲੋਇਆ ਸੀ।

ਉਹ ਵਿਸ਼ਵਾਸ਼ ਜੋ ਸਾਰੇ ਵਿਸ਼ਵ ਨੂੰ ਮੂਲਵਾਸੀਆਂ ਨਾਲ ਸਨਮਾਨਪੂਰਵਕ ਸਲੂਕ ਕਰਨ ਬਾਰੇ ਕੋਠੇ ਚੜ ਕੇ ਮੱਤਾਂ ਦੇਂਦਾ ਸੀ। ਜਿਸਨੂੰ ਮੂਲਵਾਸੀਆਂ ਦੇ ਹਾਲਾਤ ਵੇਖਕੇ ਮੱਲੋਜ਼ੋਰੀ ਅੱਥਰੂ ਵੱਗ ਤੁਰਦੇ ਸਨ। ਜੋ ਹਰ ਮੂਲਵਾਸੀ ਬਜ਼ੁਰਗ ਔਰਤ ਨੂੰ ਇੰਝ ਕਲਾਵੇ ਲੈਂਦਾ ਸੀ ਜਿਵੇਂ ਉਹਨਾਂ ਦਾ ਚਿਰਾਂ ਤੋਂ ਵਿਛੜਿਆ ਜੰਮਿਆ ਜਾਇਆ ਪੁੱਤਰ ਹੋਵੇ। ਪਰ ਜਦੋਂ ਪੂਰੀ ਦੀ ਪੂਰੀ ਮੂਲਵਾਸੀ ਕੌਮ ਦੀ ਬੇਟੀ ਨੂੰ ਛੰਡਣ ਦਾ ਵਕਤ ਆਇਆ ਤਾਂ ਆਪਣੇ ਚਹੇਤਿਆਂ ਦੀਆਂ ਵੱਜਦੀਆਂ ਤਾੜੀਆਂ ਵਿੱਚ ਘਿਉ ਵਿੱਚੋਂ ਵਾਲ ਕੱਢਣ ਵਾਂਗੂੰ ਬਾਹਰ ਕਰ ਮਾਰਿਆ। ਇਹ ਹੋਣੀ ਦਾ ਕੇਹਅ ਮਜਾਕ ਸੀ ਕਿ ਜਦੋਂ ਜੋਡੀ ਵਿਲਸਨ ਰੇਅਬਲਡ ਨੂੰ ਲਿਬਰਲ ਕਾਕਸ ਵਿੱਚੋਂ ਬਾਹਰ ਕੱਢਣ ਦਾ ਐਲਾਨ ਕੀਤਾ ਗਿਆ ਤਾਂ ਲਿਬਰਲ ਐਮ ਪੀਆਂ ਨੇ ਇੰਝ ਤਾੜੀਆਂ ਮਾਰੀਆਂ ਜਿਵੇਂ ਜੁਲੀਅਸ ਸੀਜ਼ਰ (Julius Caesar) ਨੂੰ ਉਸਦੇ ਆਪਣੇ ਸੀਨੇਟਰ ਖੰਜਰ ਮਾਰ ਰਹੇ ਹੋਣ।

ਇਹ ਸੋਚਣਾ ਗਲਤ ਹੋਵੇਗਾ ਕਿ ਹੱਤਿਆ ਸਿਰਫ਼ ਮੂਲਵਾਸੀਆਂ ਦੇ ਵਿਸ਼ਵਾਸ਼ ਦੀ ਹੋਈ ਹੈ। ਹੱਤਿਆ ਤਾਂ ਸਮੂਹ ਕੈਨੇਡੀਅਨਾਂ ਦੇ ਉਸ ਵਿਸ਼ਵਾਸ਼ ਦੀ ਹੋਈ ਹੈ ਜੋ ਔਰਤਾਂ ਦੀ ਬਰਾਬਰੀ ਲਈ ਆਵਾਜ਼ ਚੁੱਕਣ, ਸਿਆਸਤ ਨੂੰ ਇਖਲਾਕੀ ਕਦਰਾਂ ਕੀਮਤਾਂ ਦੇ ਰਾਹ ਤੋਰਨ, ਮੂਲਵਾਸੀਆਂ ਨਾਲ ਨਵੇਂ ਸਿਰੇ ਤੋਂ ਸਬੰਧ ਪੈਦਾ ਕਰਨ, ਹਰ ਰੁੱਖ ਪਿੱਛੇ ਲੁਕੇ ਸ਼ੱਕ ਨੂੰ ਦੂਰ ਕਰਨ ਲਈ ਮੁੜ ਜੰਮਿਆ ਸੀ। ਨਾਇਕ ਖਸਮ ਹਮਾਰੇ ਦੀ ਧਾਰਨਾ ਤਾਂ ਇੱਕ ਪਾਸੇ ਰਹੀ, ਸਾਡੇ ਵਿਚਕਾਰੋਂ ਤਾਂ ਨਾਇਕ ਹੋਣ ਦਾ ਵਿਖਾਵਾ ਕਰਨ ਵਾਲਾ ਵੀ ਚੁੱਪ ਚੁਪੀਤੇ ਉੱਠ ਗਿਆ ਹੈ। ਬਾਕੀ ਰਹਿ ਗਿਆ ਹੈ ਮਹਿਜ਼ ਗੱਲਾਂ ਕਰਨ ਵਾਲਾ ਖੋਖਲਾ ਕਲਬੂਤ ਜਿਸਦਾ ਨਿਸ਼ਾਨਾ ਸਿਰਫ਼ ਅਤੇ ਸਿਰਫ਼ ਕੁਰਸੀ ਉੱਤੇ ਕਾਬਜ਼ ਰਹਿਣਾ ਹੈ।

19 ਅਕਤੂਬਰ 2015 ਨੂੰ ਜਨਮੇ ਵਿਸ਼ਵਾਸ਼ ਦਾ ਬਿਨਾ ਵਕਤ ਚਲੇ ਜਾਣਾ ਦੁਖਦਾਈ ਹੈ। ਕਿਸੇ ਵੀ ਕੌਮ ਨੂੰ ਵੱਡਾ ਕਰਨ ਵਿੱਚ ਉਹਨਾਂ ਆਗੂਆਂ ਦਾ ਵੱਡਾ ਯੋਗਦਾਨ ਹੁੰਦਾ ਹੈ ਜੋ ਦੂਰਦਰਸ਼ੀ ਹੋਣ, ਨਿਰੱਪਖ ਹੋਣ, ਸੱਚ ਉੱਤੇ ਖੜੇ ਰਹਿਣ ਦਾ ਤਹਈਆ ਰੱਖਦੇ ਹੋਣ ਅਤੇ ਆਪਣੇ ਸ਼ਬਦਾਂ ਨੂੰ ਅਮਲ ਵਿੱਚ ਢਾਲਣ ਦੀ ਹਿੰਮਤ ਰੱਖਦੇ ਹੋਣ। ਜਿੱਥੇ ਕਿਤੇ ਵੀ ਅਤੇ ਜਿਸ ਕਿਸੇ ਵੀ ਵਿਅਕਤੀ ਵਿੱਚ ਅਜਿਹੇ ਗੁਣ ਹੋਣ ਦੀ ਸੰਭਾਵਨਾ ਵਿਖਾਈ ਦੇਂਦੀ ਹੈ, ਚਿਰਾਂ ਤੋਂ ਸਹੀ ਕੁੱਖ ਲੱਭਦੇ ਧੀ ਪੁੱਤਰ ਵਾਂਗੂੰ ਵਿਸ਼ਵਾਸ਼ ਕਬਰਾਂ ਵਿੱਚੋਂ ਵੀ ਮੁੜ ਉੱਠ ਖੜਾ ਹੋ ਜਾਂਦਾ ਹੈ ਜਿਸਦਾ ਜਸ਼ਨ ਸਾਰੇ ਮਨਾਉਂਦੇ ਹਨ। ਅਜਿਹੇ ਵਿਸ਼ਵਾਸ਼ ਦੀ ਹੱਤਿਆ ਹੋਣਾ ਲਾਜ਼ਮੀ ਹੀ ਦੁਖਦਾਈ ਹੁੰਦਾ ਹੈ ਪਰ ਉਸਤੋਂ ਵੱਧ ਦੁੱਖ ਉਸ ਵੇਲੇ ਹੁੰਦਾ ਹੈ ਜਦੋਂ ਕਈ ਵੱਲੋਂ ਵਿਸ਼ਵਾਸ਼ ਦੀ ਹੱਤਿਆ ਦਾ ਵੀ ਜਸ਼ਨ ਮਨਾਇਆ ਜਾਂਦਾ ਹੈ।

# ਲਿਬਰਲ ਕਾਕਸ ਤੋਂ ਕੱਢੇ ਜਾਣ ਤੋਂ ਨਿਰਾਸ਼ ਹਨ ਰੇਅਬੋਲਡ ਤੇ ਫਿਲਪੌਟ

...ਪੰਨਾ 1 ਦਾ ਬਾਕੀ

ਉਨ੍ਹਾਂ ਇਹ ਵੀ ਆਖਿਆ ਸੀ ਕਿ ਐਸਐਨਸੀ-ਲਾਵਾਲਿਨ ਮਾਮਲੇ ਵਿੱਚ ਲਿਬਰਲ ਟੀਮ ਤੇ ਇਨ੍ਹਾਂ ਦੋ ਐਮਪੀਜ਼ ਵਿਚਾਲੇ ਭਰੋਸਾ ਟੁੱਟ ਚੁੱਕਿਆ ਹੈ। ਮਾਮਲੇ ਨੇ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਵਿਲਸਨ ਰੇਅਬੋਲਡ ਨੇ ਗੁਪਤ ਨਾਲ ਰਿਕਾਰਡ ਕੀਤੀ ਗਈ ਗੱਲਬਾਤ ਸੁਣਾਈ ਤੇ ਫਿਰ ਪ੍ਰਿਵੀ ਕਾਊਂਸਲ ਦੇ ਕਲਰਕ ਨਾਲ ਹੋਈ ਵਾਰਤਾ ਜਾਰੀ ਕਰ ਦਿੱਤੀ। ਫਿਲਪੌਟ ਨੇ ਵੀ ਇਹ ਆਖਿਆ ਕਿ ਜਿੰਨੀ ਟਰੂਡੋ ਗੱਲ ਕਰਨ ਦੀ ਇਜਾਜ਼ਤ ਦੇ ਰਹੇ ਹਨ ਕਹਾਣੀ ਉਸ ਤੋਂ ਕਿਤੇ ਜ਼ਿਆਦਾ ਦੱਸਣ ਵਾਲੀ ਪਈ ਹੈ। ਰੇਅਬੋਲਡ ਤੇ ਫਿਲਪੌਟ ਨੇ ਇਹ ਵੀ ਆਖਿਆ ਕਿ ਲਿਬਰਲ ਕਾਕਸ ਤੋਂ ਕੱਢੇ ਜਾਣ ਕਾਰਨ ਉਹ ਨਿਰਾਸ਼ ਹਨ।

ਇਸ ਦੌਰਾਨ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਤੇ ਐਨਡੀਪੀ ਆਗੂ ਜਗਮੀਤ ਸਿੰਘ ਨੇ ਵੀ ਪ੍ਰਸ਼ਨ ਕਾਲ ਦੌਰਾਨ ਇਹ ਸਵਾਲ ਕੀਤਾ ਕਿ ਸੱਚ ਦੱਸਣ ਲਈ ਤੁਹਾਨੂੰ ਲਿਬਰਲ ਪਾਰਟੀ ਤੋਂ ਬਾਹਰ ਕਿਉਂ ਕੀਤਾ ਗਿਆ?

# ਇੰਸ਼ੋਰੈਂਸ ਕੰਪਨੀਆਂ ਵੱਲੋਂ ਡਰਾਈਵਰਾਂ ਦੀ ਕੀਤੀ ਜਾ ਰਹੀ ਲੁੱਟ ਰੋਕਣ ਲਈ ਐਨਡੀਪੀ ਐਮਪੀਪੀ ਵੱਲੋਂ ਬਿੱਲ ਪੇਸ਼

...ਪੰਨਾ 1 ਦਾ ਬਾਕੀ

ਲੋਅਰ ਆਟੋਮੋਬਾਈਲ ਇੰਸ਼ੋਰੈਂਸ ਰੇਟਜ਼ ਐਕਟ ਫੌਰੀ ਤੌਰ ਉੱਤੇ ਆਟੋ ਇੰਸ਼ੋਰੈਂਸ ਕੰਪਨੀਆਂ ਦੀ ਇਕੁਇਟੀ ਉੱਤੇ ਰਿਟਰਨ ਨੂੰ ਸੀਮਤ ਕਰ ਦੇਵੇਗਾ ਤੇ ਇਹ ਕੁੱਲ ਭੁਗਤਾਣ ਕੀਤੇ ਗਏ ਪ੍ਰੀਮੀਅਮਜ਼ ਦਾ ਸੱਤ ਫੀ ਸਦੀ ਰਹਿ ਜਾਵੇਗੀ। ਇਸ ਸਮੇਂ ਇਹ 11 ਫੀ ਸਦੀ ਹੈ। ਇਸ ਦੇ ਨਾਲ ਹੀ ਇੰਸ਼ਿਓਰਰ ਦੀ ਆਪਰੇਟਿੰਗ ਲਾਗਤ, ਜਿਵੇਂ ਕਿ ਐਡਵਰਟਾਈਜ਼ਿੰਗ ਤੇ ਕਾਨੂੰਨੀ ਫੀਸ, ਇੱਕਠੇ ਕੀਤੇ ਗਏ ਕੁੱਲ ਪ੍ਰੀਮੀਅਮ ਦਾ 20 ਫੀ ਸਦੀ ਤੋਂ ਵੱਧ ਨਹੀਂ ਹੋ ਸਕੇਗੀ। ਇਸ ਸਮੇਂ ਜੋ 25 ਫੀ ਸਦੀ ਹੈ।

ਰੈਕੋਸੈਵਿਕ ਨੇ ਆਖਿਆ ਕਿ ਆਪਣੇ 2013 ਵਿੱਚ ਕੀਤੇ ਵਾਅਦੇ ਨੂੰ ਤੋੜ ਕੇ ਲਿਬਰਲਾਂ ਨੇ ਓਨਟਾਰੀਓ ਵਾਸੀਆਂ ਨਾਲ ਧੋਖਾ ਕੀਤਾ। ਉਸ ਸਮੇਂ ਲਿਬਰਲਾਂ ਨੇ ਐਨਡੀਪੀ ਵੱਲੋਂ ਆਟੋ ਇੰਸੋਰੈਂਸ ਦਰਾਂ 15 ਫੀ ਸਦੀ ਤੱਕ ਘਟਾਉਣ ਦੀ ਮੰਗ ਦਾ ਸਮਰਥਨ ਕੀਤਾ ਸੀ। ਉਨ੍ਹਾਂ ਆਖਿਆ ਕਿ ਹੁਣ ਪੋਸਟਲ ਕੋਡ ਵਿਤਕਰੇ ਨੂੰ ਖਤਮ ਕਰਨ ਲਈ ਐਨਡੀਪੀ ਵੱਲੋਂ ਪ੍ਰਸਤਾਵਿਤ ਬਿੱਲ ਨੂੰ ਰੋਕ ਕੇ ਕੰਜ਼ਰਵੇਟਿਵ ਹਾਲਾਤ ਨੂੰ ਹੋਰ ਜ਼ਿਆਦਾ ਬਦਤਰ ਬਣਾ ਰਹੇ ਹਨ।

ਪੰਜਾਬੀ ਪੋਸਟ
Canadian Punjabi Post

Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

# ਪੰਜਾਬ ਕਲਚਰਲ ਸੁਸਾਇਟੀ ਵੱਲੋਂ ਰਾਣੀ ਕੇ ਧਾਲੀਵਾਲ ਦਾ ਸਨਮਾਨ



ਲੁਧਿਆਣਾ, 3 ਅਪ੍ਰੈਲ( ਗਿਆਨਸਿੰਘ): ਪੰਜਾਬ ਕਲਚਰਲ ਸੁਸਾਇਟੀ ਵੱਲੋਂ ਕੈਨੇਡਾ ਤੋਂ ਪੰਜਾਬ ਦੇ ਦੌਰੇ ਤੇ ਆਏ ਸੀਨੀਅਰ ਉਪ ਪ੍ਰਧਾਨ ਹੰਮਬਰ ਕਾਲਜ ਰਾਣੀ ਕੇ ਧਾਲੀਵਾਲ ਦਾ ਸਨਮਾਨ ਸ਼ਹਿਰ ਦੇ ਪੰਜ ਤਾਰਾ ਹੋਟਲ ਪਾਰਕ ਪਲਾਜਾ ਵਿੱਚ ਅਯੋਜਿਤ ਵਿਸ਼ੇਸ਼ ਸਮਾਗਮ ਦੌਰਾਨ ਸੁਸਾਇਟੀ ਦੇ ਚੇਅਰਮੈਨ ਜਗਪਾਲ ਸਿੰਘ ਖੰਗੂਰਾ ਅਤੇ ਰਾਵਿੰਦਰ ਸਿੰਘ ਦੀ ਪ੍ਰਧਾਨਗੀ ਵਿੱਚ ਕੀਤਾ ਗਿਆ ਜਗਪਾਲ ਖੰਗੂਰਾ ਨੇ ਦੱਸਿਆ ਕਿ ਰਾਣੀ ਧਾਲੀਵਾਲ ਸਾਡੇ ਪਿੰਡਾਂ ਦੇ ਸਾਡੇ ਪਰਿਵਾਰ ਦੇ ਹੀ ਮੈਬਰ ਹਨ ਸਾਡੇ ਲਈ ਬਹੁਤ ਫ਼ਖਰ ਵਾਲੀ ਗੱਲ ਹੈ ਕਿ ਕਿੱਲਾਰਾਇਪੁਰ ਦੀ ਧੀ ਨੇ ਕੈਨੇਡਾ ਦੀ ਧਰਤੀ ਤੇ ਸਿੱਖਿਆ ਦਾ ਧੁਰਾ ਬਣਕੇ ਇੱਕ ਮੀਲ ਪੱਥਰ ਸਥਾਪਤ ਕੀਤਾ ਹੈ ਪੰਜਾਬ ਕਲਚਰਲ ਸੁਸਾਇਟੀ ਦੇ ਪ੍ਰਧਾਨ ਰਾਵਿੰਦਰ ਸਿੰਘ ਰੁੰਗੂਵਾਲ ਨੇ ਕਿਹਾ ਕਿ ਅੱਜ ਹਰ ਵਿਦੱਆਰਥੀ ਦੀ ਪਸੰਦ ਕੈਨੇਡਾ ਹੈ ਤੇ ਕੈਨੇਡਾ ਵਿੰਚ ਪਹਿਲੀ ਪਸੰਦ ਹੰਮਬਰ ਕਾਲਜ ਹੈ ਉਸੇ ਕਾਲਜ ਦੇ ਸੀਨੀਅਰ ਉਪ ਪ੍ਰਧਾਨ ਰਾਣੀ ਕੇ ਧਾਲੀਵਾਲ ਹਨ ਸਾਡੇ ਲਈ ਹੋਰ ਵੀ ਮਾਣ ਵਾਲੀ ਗੱਲ ਹੈ ਉਨਾਂ ਦੇ ਜੀਵਨ ਸਾਥੀ ਹੈਰੀ ਧਾਲੀਵਾਲ ਜੋ ਕੈਨੇਡਾ ਦੇ ਸਿਟੀਜਨ ਜੱਜ ਦੀ ਪਦਵੀ ਤੇ ਰਹਿ ਚੁੱਕੇ ਹਨ ਅਤੇ ਉਹ ਪੰਜਾਬ ਕਲਚਰਲ ਸੁਸਾਇਟੀ ਦੇ ਮੁੱਖ ਸਲਾਹਕਾਰ ਵੀ ਹਨ ਜੋ ਅੱਜ ਸਮਾਗਮ ਵਿੱਚ ਹਾਜ਼ਰ ਹੋਏ ਸਮਾਗਮ ਵਿੱਚ ਰਾਣੀ ਕੇ ਧਾਲੀਵਾਲ ਨੇ ਕਿਹਾ ਭਾਵੇਂ ਉਹ ਪਹਿਲਾ ਇੰਗਲੈਂਡ ਵਿੱਚ ਰਹੇ ਤੇ ਫਿਰ ਕੈਨੇਡਾ ਵਿੱਚ ਤੇ ਗੋਰਿਆ ਵਾਂਗੂ ਕੰਮ ਕਰਨਾ ਪਸੰਦ ਕਰਦੇ ਹਨ ਪਰ ਘਰ ਵਿੱਚ ਆਪਣੀ ਸੱਸ ਦੀ ਪਿਆਰੀ ਨੂੰਹ ਬਣਕੇ ਰਹਿੰਦੇ ਹਨ ਉਨਾਂ ਕਿਹਾ ਕਿ ਮੈਨੂੰ ਗੂੜੀ ਪੰਜਾਬੀ ਬੋਲਣਾ ਬਹੁਤ ਪਸੰਦ ਹੈ ਸਾਨੂੰ ਹਰ ਇੱਕ ਨੂੰ ਗੂੜੀ ਪੰਜਾਬੀ ਆਉਣੀ ਚਾਹੀਦੀ ਹੈ

ਅੰਤ ਵਿੱਚ ਸੁਰਿੰਦਰ ਸਿੰਘ ਕੂਨਰ ਤੇ ਲੱਕੀ ਗਰੇਵਾਲ ਉਪ ਪ੍ਰਧਾਨ ਪੰਜਾਬ ਕਲਚਰਲ ਸੁਸਾਇਟੀ ਨੇ ਸਮਾਗਮ ਵਿੱਚ ਆਏ ਹੋਏ ਸੱਜਨਾ ਦਾ ਸੁਸਾਇਟੀ ਵੱਲੋਂ ਤਹਿ ਦਿਲ ਤੋਂ ਧੰਨਵਾਦ ਕੀਤਾ ਅੱਜ ਦੇ ਸਮਾਗਮ ਵਿੱਚ ਪ੍ਰੋ ਗੁਰਨਾਮ ਸੰਘਿ ਨਰੰਗਵਾਲ ਰੁਪਿੰਦਰ ਕੋਰ ਮਧੋਕ ਸਿੱਪੀ ਭਸ਼ੀਨ ਸਤਵੀਰ ਕੋਰ ਅਤੇ ਸਾਹਿਬ ਸਿੰਘ ਹਾਜ਼ਰ ਸਨ

# ਬਰੈਂਪਟਨ ਵਿੱਚ ਨਾਟਕ 'ਬੀਬੀ ਸਹਿਬਾ' ਦੀ ਹੋਈ ਸ਼ਾਨਦਾਰ ਪੇਸ਼ਕਾਰੀ







ਟੋਰਾਂਟੋ(ਮੀਡੀਆ ਬਿਊਰੋ)- ਬੀਤੇ ਐਤਵਾਰ ਪੰਜਾਬੀ ਦੇ ਬਹੁ-ਚਰਚਿਤ ਨਾਟਕ 'ਬੀਬੀ ਸਾਹਿਬਾ' ਦੀ ਪੇਸ਼ਕਾਰੀ ਬਰੈਂਪਟਨ ਦੇ ਸੀਰਿਲ ਕਲਾਰਕ ਹਾਲ ਦੇ ਥੀਏਟਰ ਵਿੱਚ ਹੋਈ। ਹੈਰੀਟੇਜ਼ ਆਰਟਸ ਐਂਡ ਥੀਏਟਰ ਸੋਸਾਇਟੀ ਆਫ਼ ਯੂਨਾਈਟਡ ਪ੍ਰੋਡਕਸ਼ਨਜ਼ (ਹੈਟਸ-ਅੱਪ) ਵੱਲੋਂ ਕਰਵਾਏ ਵਿਸ਼ਵ ਰੰਗਮੰਚ ਨੂੰ ਸਮਰਪਿਤ ਆਪਣੇ ਸਾਲਾਨਾ ਸਮਾਗਮ 'ਵਰਲਡ ਥੀਏਟਰ ਡੇਅ ਸੈਲੀਬਰੇਸ਼ਨਜ਼-2019' ਵਿੱਚ ਸੁਖਜੀਤ ਦੀ ਕਹਾਣੀ 'ਤੇ ਅਧਾਰਿਤ ਗੁਰਿੰਦਰ ਮਕਨਾ ਦੁਆਰਾ ਲਿਖੇ ਤੇ ਹੀਰਾ ਰੰਧਾਵਾ ਦੁਆਰਾ ਨਿਰਦੇਸ਼ਤ ਨਾਟਕ 'ਬੀਬੀ ਸਾਹਿਬਾ' ਨਾਲ ਲੋਕ ਇੰਨੇ ਇੱਕ ਮਿੱਕ ਹੋ ਗਏ ਕਿ ਉਹਨਾਂ ਦੀਆਂ ਅੱਖਾਂ ਨਮ ਸਨ ਤੇ ਹੱਥ ਤਾੜੀਆਂ ਮਾਰਦੇ ਸਨ। ਨਾਟਕ ਦੀ ਕਹਾਣੀ ਪੰਜਾਬ ਦੇ ਕੁਝ ਤਥਾਕਥਿੱਤ ਡੇਰਿਆਂ ਵਿੱਚ ਕੁੜੀਆਂ ਦੇ ਹੁੰਦੇ ਸਰੀਰਕ ਤੇ ਮਾਨਸਿਕ ਸੋਸ਼ਣ ਜਿਹੇ ਨਾਜ਼ੁਕ ਮੁੱਦੇ ਨਾਲ ਸੰਬੰਧਿਤ ਸੀ। ਇਸ ਨਾਟਕ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੀ ਐਕਟਰਸ ਸੁਵਿਧਾ ਦੁੱਗਲ ਦੀ ਕਲਾਕਾਰੀ ਇੰਨੀ ਕਮਾਲ ਦੀ ਸੀ ਕਿ ਲੋਕਾਂ ਨੇ ਨਾਟਕ ਦੇ ਅੰਤ ਤੇ ਖੜੇ ਹੋ ਕੇ ਤਾੜੀਆਂ ਦੀ ਬੁਛਾੜ ਨਾਲ ਕਲਾਕਾਰਾਂ ਨੂੰ ਅੱਖਾਂ ਤੇ ਵਿਛਾ ਲਿਆ। ਸੁਵਿਧਾ ਦੁੱਗਲ ਪੰਜਾਬ ਵਿੱਚ ਜਿਥੇ ਰੰਗਮੰਚ ਤੇ ਫਿਲਮਾਂ ਕਰ ਰਹੀ ਹੈ ਉਥੇ ਟੀ ਵੀ ਸ਼ੋਅ ਵੀ ਹੋਸਟ ਕਰਦੀ ਹੈ। ਪੰਜਾਬੀ ਰੰਗਮੰਚ ਤੇ ਫਿਲਮੀ ਹਸਤੀ ਨਾਟਕ ਦੇ ਲੇਖਕ ਗੁਰਿੰਦਰ ਮਕਨਾ ਦੁਆਰਾ ਨਿਭਾਇਆ 'ਸੈਹਬ ਜੀ' ਅਤੇ ਜਗਵਿੰਦਰ ਪਰਤਾਪ ਸਿੰਘ ਦੁਆਰਾ ਨਿਭਾਇਆ 'ਸੁਮੀਤ' ਦਾ ਕਿਰਦਾਰ ਲੋਕਾਂ ਦੇ ਧੁਰ ਤੱਕ ਲਹਿ ਗਿਆ। ਯਾਦ ਰਹੇ ਕਿ ਗੁਰਿੰਦਰ ਮਕਨਾ

ਜਿਥੇ ਪਿਛਲੇ ਤਿੰਨ ਦਹਾਕਿਆਂ ਤੋਂ ਰੰਗਮੰਚ ਕਰ ਰਹੇ ਹਨ ਉਥੇ 30 ਤੋਂ ਵੱਧ ਪੰਜਾਬੀ ਤੇ ਹਿੰਦੀ ਫਿਲਮਾਂ ਵਿੱਚ ਵੀ ਆਪਣੀ ਕਲਾ ਦੇ ਜੌਹਰ ਵਿਖਾ ਚੁੱਕੇ ਹਨ। ਨਾਟਕ ਪਿਛੇ ਮਿਊਜ਼ਿਕ ਦੀ ਸੇਵਾ ਕੁਲਵਿੰਦਰ ਖ਼ਹਿਰਾ ਨੇ ਨਿਭਾਈ ਜਾ ਕਿ ਨਾਟਕ ਨੂੰ ਲਾਈਟਸ ਦੇ ਵੱਖ ਵੱਖ ਪ੍ਰਭਾਵਾਂ ਨਾਲ ਜਗਵਿੰਦਰ ਜੱਜ ਨੇ ਸ਼ਿੰਗਾਰਿਆ। ਇਸ ਮੌਕੇ ਵਿਸ਼ਵ ਰੰਗਮੰਚ ਸੁਨੇਹਾ ਜਾਰੀ ਕਰਨ ਦੇ ਨਾਲ ਨਾਲ ਇਸ ਵਰ੍ਹੇ ਦਾ ਸਾਲਾਨਾ ਗੁਰਸ਼ਰਨ ਸਿੰਘ ਯਾਦਗਾਰੀ ਸਨਮਾਨ ਪੰਜਾਬੀ ਰੰਗਮੰਚ ਖੇਤਰ ਵਿੱਚ ਜ਼ਿਕਰਯੋਗ ਕੰਮ ਕਰਨ ਵਾਲੇ ਰੰਗਕਰਮੀਆਂ ਸੁਰਿੰਦਰ ਸ਼ਰਮਾ ਤੇ ਹਰਕੇਸ਼ ਚੌਧਰੀ ਨੂੰ ਦਿੱਤਾ ਗਿਆ ਜਿਸ ਨੂੰ ਉਹਨਾਂ ਦੀ ਤਰਫੋਂ ਪੰਜਾਬ ਤੋਂ ਪਹੁੰਚੇ ਰੰਗਕਰਮੀ ਹਰਵਿੰਦਰ ਦੀਵਾਨਾ ਨੇ ਹਾਸਿਲ ਕੀਤਾ। ਇਸ ਮੌਕੇ ਭਾਈਚਾਰੇ ਦੀ ਉਘੀ ਸ਼ਖ਼ਸ਼ੀਅਤ ਇੰਦਰਜੀਤ ਸਿੰਘ ਬੱਲ ਹੋਰਾਂ ਨੇ ਬੋਲਦਿਆਂ ਕਿਹਾ ਕਿ ਅਜਿਹੀ ਪੇਸ਼ਕਾਰੀ ਬਹੁਤ ਲੰਬੇ ਸਮੇਂ ਬਾਅਦ ਉਹਨਾਂ ਨੂੰ ਵੇਖਣ ਨੂੰ ਮਿਲੀ ਹੈ ਜਿਸ ਲਈ ਉਹ 'ਹੈਟਸ-ਅੱਪ' ਸੰਸਥਾ ਦੇ ਧੰਨਵਾਦੀ ਹਨ। ਉਹਨਾਂ ਆਸ ਪ੍ਰਗਟ ਕੀਤੀ ਕਿ 'ਹੈਟਸ-ਅੱਪ' ਵਾਲੇ ਭਵਿੱਖ ਵਿੱਚ ਵੀ ਅਜਿਹੀਆਂ ਪੇਸ਼ਕਾਰੀਆਂ ਕੈਨੇਡਾ ਵਿੱਚ ਪੇਸ਼ ਕਰਦੇ ਰਹਿਣਗੇ। ਉਹਨਾਂ ਇਸ ਮਕਸਦ ਲਈ ਹਰ ਤਰਾਂ ਦੇ ਸਹਿਯੋਗ ਦਾ ਐਲਾਨ ਵੀ ਕੀਤਾ। ਇਸ ਮੌਕੇ ਨਾਟਕ ਨੂੰ ਸਹਿਯੋਗ ਕਰਨ ਵਾਲੇ ਸਪਾਂਸਰਾਂ ਤੇ ਮੀਡੀਏ ਦੇ ਨਾਲ ਨਾਲ ਦਰਸ਼ਕਾਂ ਦਾ ਧੰਨਵਾਦ ਵੀ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਪੂਰਾ ਸ਼ੋਅ ਸੋਲਡ ਆਊਟ ਹੋਣ ਕਰਕੇ ਦਰਸ਼ਕਾਂ ਦੇ ਮੁੜ ਜਾਣ ਲਈ ਮੁਆਫੀ ਵੀ ਮੰਗੀ ਗਈ ਤੇ ਨਾਲ ਹੀ ਬੇਨਤੀ ਕੀਤੀ ਗਈ ਕਿ ਭਵਿੱਖ ਵਿੱਚ ਅਜਿਹੇ ਨਾਟਕ ਦੀ ਪੇਸ਼ਕਾਰੀਆਂ ਲਈ ਆਪਣੀਆਂ ਟਿਕਟਾਂ ਪਹਿਲਾਂ ਹੀ ਰਾਖਵੀਆਂ ਕਰ ਲਿਆ ਕਰਨ।

# ਫਲਾਵਰ ਸਿਟੀ ਸੀਨੀਅਰ ਸੈਂਟਰ ਦੀ ਮੀਟਿੰਗ ਵਿਚ ਤੱਲਖੀ

ਬੀਤੇ ਮੰਗਲਵਾਰ 2 ਅਪ੍ਰੈਲ 2019 ਦੀ ਮਾਸਕ ਮੀਟੰਗ ਵਿਚ ਪਹਿਲੀਵਾਰ ਪੰਜਾਬੀ ਸੀਨੀਅਰ ਕਲੱਬਾਂ ਵਰਗੀ ਤਲਖੀ ਪਾਈ ਗਈ ਜਦ 'ਬਰੈਂਪਟਨ ਸੀਨੀਅਰਜ਼ ਸਿਟੀਜ਼ਨ ਕੌਂਸਲ' ਦੀ ਪ੍ਰਧਾਨ ਲੌਰੀ ਉਬੀਡੋਵਸਕੀ ਨੇ ਪ੍ਰਧਾਨ ਮਾਰੀਨਾ ਆਡਮ ਨੂੰ ਇਸ ਗਲੋਂ ਘੇਰ ਲਿਆ ਕਿ ਉਸਦੀ ਹਾਜਰੀ ਵਿਚ ਪਿਛਲੀ ਮੀਟਿੰਗ ਸਮੇ ਪ੍ਰਧਾਨਗੀ ਮੰਡਲ ਵਿਚ ਬੈਠੇ ਇਕ ਬੰਦੇ ਨੇ ਉਸਨੂੰ ਚੁਪ ਕਰਕੇ ਬਾਹਰ ਚਲੇ ਜਾਣ ਲਈ ਕਹਿ ਦਿਤਾ ਸੀ। ਇਹ ਉਸ ਦੀ ਬੇਇਜਤੀ ਕਰਨ ਤੁਲ ਹੈ। ਅਜ ਦੀ ਕਾਰਵਾਈ ਵਿਚ ਮੈਨੂੰ ਬੋਲਣ ਦਾ ਸਮਾ ਦਿਤਾ ਜਾਵੇ। ਮਜਬੂਰੀ ਵਿਚ ਪ੍ਰਧਾਨ ਆਡਮ ਨੂੰ ਏਜੰਡੇ ਤੋਂ ਹਟਕੇ ਗਲ ਕਰਨ ਦੀ ਇਜਾਜਤ ਲਈ ਵੋਟਿੰਗ ਕਰਵਾਉਣੀ ਪਈ। ਲੋਰੀ ਦੇ ਹੱਕ ਵਿਚ ਵੋਟ ਪਈ ਅਤੇ ਉਸਨੇ ਬੜੀ ਧੜੱਲੇਦਾਰ ਸਪੀਚ ਕੀਤੀ ਕਿ ਜੇ ਸੀਨੀਅਰਜ਼ ਦੀ ਅਵਾਜ਼ ਆਪਣੇ ਵਾਸਤੇ ਬਣੇ ਸੀਨੀਅਰ ਸੈਂਟਰ ਵਿਚ ਵੀ ਨਾ ਸੁਣੀ ਜਾਵੇ ਤਾਂ ਉਹ ਕਿਥੇ ਜਾਣ। ਉਂਨਾਂ ਦੋਨਾਂ ਵਿਚਕਾਰ ਖੂਬ ਤੂ ਤੂ ਮੈ ਮੈ ਹੋਈ, ਜਿਸਨੂੰ ਪ੍ਰਧਾਨ ਆਡਮ ਨੇ ਇਹ ਗਲ ਕਹਿਕੇ ਖਤਮ ਕੀਤਾ ਕਿ ਸਮੇ ਦੀ ਘਾਟ ਕਰਕੇ, ਇਸ ਵਾਰੀ ਗਲ ਇਥੇ ਹੀ ਖਤਮ ਕੀਤੀ ਜਾਵੇ।

ਇਸ ਤਲਖੀ ਦਾ ਫਾਇਦਾ ਇਹ ਹੋਇਆ ਕਿ ਬਰੈਂਪਟਨ ਯੂਨੀਵਰਸਟੀ ਵਾਲੇ ਦਲਬੀਰ ਸਿੰਘ ਕੰਬੋਜ ਨੂੰ ਆਪਣੀ ਸਪੀਚ ਦੇਣ ਦਾ ਮੌਕਾ ਵੀ ਮਿਲ ਗਿਆ ਜੋ ਪਿਛਲੀਆ ਦੋ ਮੀਟੰਗਾ ਵਿਚ ਬੋਲਣ ਲਈ ਅਸਫਲ ਕੋਸ਼ਿਸ਼ ਕਰ ਚੁਕਾ ਸੀ। ਕੰਬੋਜ ਸਾਹਿਬ ਬਰੈਪਟਨ ਵਾਸਤੇ ਕੈਂਸਲ ਹੋ ਚੁਕੀ ਯੂਨੀਵਰਸਟੀ ਨੂੰ ਰੀਵਾਈਵ ਕਰਨ ਅਤੇ ਨਵੇਂ ਬਣੇ ਹੌਸਪੀਟਲ ਨੂੰ ਮੈਡੀਕਲ ਯੂਨੀਵਰਸਟੀ ਵਿਚ ਬਦਲਣ ਦੇ ਮਤੇ ਨੂੰ ਪਾਸ ਕਰਵਾ ਗਏ। ਆਪਣੀ ਸਪੀਚ ਵਿਚ ਕੰਬੋਜ਼ ਸਾਹਿਬ ਨੇ ਇਹ ਸਾਬਤ ਕੀਤਾ ਕਿ ਅੰਕੜਿਆ ਮੁਤਾਬਿਕ ਬਰੈਂਪਟਨ ਸ਼ਹਿਰ ਅੰਟਾਰੀਓ ਦੇ ਬਾਕੀ ਸ਼ਹਿਰਾ ਦੇ ਮੁਕਾਬਲੇ ਸਹੂਲਤਾ ਲੈਣ ਲਈ ਬਹੁਤ ਪਿਛੇ ਹੈ।

ਪ੍ਰੋਗਰਾਮ ਦੇ ਸ਼ੁਰੂ ਵਿਚ ਪ੍ਰਧਾਨ ਮਾਰੀਨਾ ਆਡਮ ਨੇ ਦਸਿਆ ਕਿ ਬਰੈਪਟਨ ਸਿਟੀ ਨੇ ਉਨਹਾ ਵਲੋਂ ਉਠਾਈ ਗਈ ਡੀਮਾਂਡ ਉਪਰ ਗੌਰ ਕਰਕੇ ਸੀਨੀਅਰਜ਼ ਲਈ 15 ਡਾਲਰ ਵਾਲਾ ਪਾਸ ਬਣਾਉਣ ਦੀ ਮੰਨਜੂਰੀ ਦੇ ਦਿਤੀ ਹੈ। ਇਹ ਕੁਝ ਇਕ ਡਾਲਰ ਵਾਲੀ ਸਹੂਲਤ ਦੀ ਐਕਸਟੈਨਸ਼ਨ ਵਜੋਂ ਲਿਆ ਗਿਆ ਹੈ। ਇਸ ਮੌਕੇ ਰਿਜਨਲ ਕੌਂਸਲਰ ਮਾਰਟਨ ਮੈਡਰੋਸ ਨੇ ਆਖਿਆ ਕਿ ਸੀਨੀਅਰਜ਼ ਵਲੋਂ ਹਰ ਗਲ ਉਪਰ ਮੁਫਤ ਸੇਵਾਵਾਂ ਦੀ ਆਸ ਕਰਨਾ ਗਲਤ ਹੈ ਜਦਕੇ ਉਹ ਗ੍ਰੀਬ ਬਿਲਕੁਲ ਨਹੀਂ ਹਨ। ਆਪਣੇ ਪਿਤਾ ਦੀ ਮਿਸਾਲ ਦੇਂਦਿਆ ਉਸ ਆਖਿਆ ਕਿ ਉਂਨਾਂ ਕੋਲ ਫਰੀ ਘਰ ਹੈ, ਚੰਗੀ ਪੈਨਸ਼ਨ ਮਿਲਦੀ ਹੈ, ਫਿਰ ਉਹ ਮੁਫਤ ਸੇਵਾ ਕਿਓਂ ਭਾਲਣ। ਮਾਰਟਨ ਨੇ ਇਹ ਵੀ ਖੁਲਾਸਾ ਕੀਤਾ ਕਿ ਸਿਟੀ ਨੂੰ ਚਲਦਾ ਰਖਣ ਲਈ ਪੈਸੇ ਚਾਹੀਦੇ ਹਨ। ਜੇ ਕੋਈ ਸੇਵਾ ਫਰੀ ਕੀਤੀ ਜਾਂਦੀ ਹੈ ਤਾਂ ਉਸਦਾ ਇਵਜਾਨਾ ਕਿਸੇ ਹੋਰ ਜਗਾਹ ਅਡਜਸਟ ਕਰਨਾ ਪੈਂਦਾ ਹੈ ਜੋ ਵੀ ਲੋਕਾਂ ਨੂੰ ਮੰਨਜੂਰ ਨਹੀਂ ਹੋਵੇਗਾ। ਮੀਟਿੰਗ ਵਿਚ ਡਾਕਟਰ ਸੋਹਣ ਸਿੰਘ ਨੇ ਆਪਣੀ ਕਲੱਬ ਵਾਸਤੇ ਪਾਰਕ ਵਿਚ ਹੋਰ ਬੈਂਚਾ ਦੀ ਜਰੂਰਤ ਬਾਰੇ ਦਸਿਆ। ਅਜੀਤ ਸਿੰਘ ਰੱਖੜਾ ਨੇ ਬਰੈਂਪਟਨ ਸੌਕਰ ਸੈਂਟਰ ਦੇ ਬੁਕਿੰਗ ਸਿਸਟਮ ਉਪਰ ਧਿਆਨ ਦੇਣ ਲਈ ਆਖਿਆ। ਉਥੇ ਹਰ ਸਾਲ ਕਿਸੇ ਨਾ ਕਿਸੇ ਬਹਾਨੇ ਰੈਂਟਲ ਰੇਟ ਵਧਾਈ ਜਾ ਰਹੇ ਹਨ। ਉਨ੍ਹਾ ਲਿਖਤੀ ਰੂਪ ਵਿਚ ਸਾਬਤ ਕੀਤਾ ਕਿ ਪਿਛਲੇ ਪੰਜਾ ਸਾਲਾ ਵਿਚ ਰੈਂਟਲ 124 ਡਾਲਰ ਤੋਂ ਵਧਕੇ 400 ਡਾਲਰ ਤੋਂ ਉਪਰ ਹੋ ਗਈ ਹੈ। ਬਰੈਂਪਟਨ ਦੀ ਹਰ ਫਸਿਲਟੀ ਵਿਚ ਇਕ ਘੰਟਾ ਸੈਟ ਅੱਪ ਟਾਈਮ ਮਿਲਦਾ ਹੈ ਪਰ ਸੌਕਰ ਸੈਂਟਰ ਵਿਚ ਇਸ ਨੂੰ 2019 ਲਈ ਨਾ ਦੇਣ ਦੀ ਗਲ ਆਖੀ ਗਈ ਹੈ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ ਡੋਪ ਅਤੇ ਲੈਬ ਟੈਸਟ ਹੋ ਸਕਦੈ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ 'ਚ ਨਵੇਂ ਪ੍ਰਬੰਧਕਾਂ ਨੇ ਸੱਤਾ ਸੰਭਾਲ ਲਈ, ਪਰ ਦਾੜ੍ਹੀ ਤੇ ਵਾਲ ਰੰਗਣ ਦਾ ਮੁੱਦਾ ਉਨ੍ਹਾਂ ਦਾ ਪਿੱਛਾ ਨਹੀਂ ਛੱਡ ਰਿਹਾ। ਇਸ ਬਾਰੇ ਦਿੱਲੀ ਘੱਟ ਗਿਣਤੀ ਕਮਿਸ਼ਨ ਵੀ ਸਖਤ ਹੋ ਗਿਆ ਅਤੇ ਸਖਤ ਕਾਰਵਾਈ ਦੀ ਗੱਲ ਕਹਿ ਰਿਹਾ ਹੈ। ਹਾਲ ਦੀ ਘੜੀ ਤਿੰਨ ਮੈਂਬਰਾਂ ਦਾ ਲੈਬ ਅਤੇ ਡੋਪ ਟੈਸਟ ਹੋ ਸਕਦਾ ਹੈ। ਇਸ ਤਰ੍ਹਾਂ ਦੀ ਖਾਸ ਸੰਭਾਵਨਾ ਦਾ ਖੁਲਾਸਾ ਦਿੱਲੀ ਘੱਟ ਗਿਣਤੀ ਕਮਿਸ਼ਨ ਦੀ ਸਿੱਖ ਸਲਾਹਕਾਰ ਕਮੇਟੀ ਦੇ ਮੈਂਬਰ ਦਲਜੀਤ ਸਿੰਘ ਖਾਲਸਾ ਨੇ ਕੀਤਾ ਹੈ।

ਅਸਲ ਵਿੱਚ ਬੀਤੇ ਦਿਨੀਂ ਦਲਜੀਤ ਸਿੰਘ ਖਾਲਸਾ ਨੇ ਦਿੱਲੀ ਸਿੱਖ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੇ 16 ਮੈਂਬਰਾਂ ਦੇ ਦਾੜ੍ਹੀ ਰੰਗਣ, ਤਿੰਨ ਮੈਂਬਰਾਂ ਵੱਲੋਂ ਨਾਮਧਾਰੀ ਗੁਰੂ ਨੂੰ ਆਪਣਾ ਈਸ਼ਟ ਮੰਨਣ ਅਤੇ ਇੱਕ ਮੈਂਬਰ ਵੱਲੋਂ ਗੁਰਦੁਆਰਾ ਸਾਹਿਬ ਵਿੱਚ ਵਿਸ਼ਵਕਰਮਾ ਦਿਵਸ ਮਨਾਉਣ ਦੀ ਸ਼ਿਕਾਇਤ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਡਾਇਰੈਕਟਰ ਦਿੱਲੀ ਗੁਰਦੁਆਰਾ ਚੋਣ ਅਤੇ ਦਿੱਲੀ ਘੱਟ ਗਿਣਤੀ ਕਮਿਸ਼ਨ ਕੋਲ ਕੀਤੀ ਸੀ। ਇਸ 'ਤੇ ਕਮਿਸ਼ਨ ਨੇ ਕਾਰਵਾਈ ਕਰਦੇ ਹੋਏ 20 ਮੈਂਬਰਾਂ ਨੂੰ ਨੋਟਿਸ ਜਾਰੀ ਕਰਦੇ ਹੋਏ 15 ਮਾਰਚ ਤੱਕ ਜਵਾਬ ਦੇਣ ਲਈ ਕਿਹਾ ਸੀ। ਇਸ 'ਤੇ ਦਾੜ੍ਹੀ ਰੱਖਣ ਦੇ ਮਾਮਲੇ ਵਿੱਚ ਤਿੰਨ ਕਮੇਟੀ ਮੈਂਬਰਾਂ ਹਰਜੀਤ ਸਿੰਘ ਜੀ ਕੇ ਵਿਕਰਮ ਸਿੰਘ ਰੋਹਨੀ ਅਤੇ ਓਂਕਾਰ ਸਿੰਘ ਰਾਜਾ ਨੇ ਕਮਿਸ਼ਨ ਨੂੰ ਜਵਾਬ ਭੇਜ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਨੇ ਦਾੜ੍ਹੀ ਰੰਗਣ ਦੇ ਦੋਸ਼ ਰੱਦ ਕਰਦੇ ਹੋਏ ਆਪੋ ਆਪਣਾ ਲੈਬ ਤੇ ਡੋਪ ਟੈਸਟ ਕਰਾਉਣ ਦੀ ਪੇਸ਼ਕਸ਼ ਕੀਤੀ ਹੈ। ਇਸ ਤੋਂ ਬਾਅਦ ਕਮਿਸ਼ਨ ਕਿਸੇ ਵੱਡੇ ਸਰਕਾਰੀ ਹਸਪਤਾਲ ਵਿੱਚ ਇਸ ਮਾਮਲੇ ਨੂੰ ਲੈ ਕੇ ਲੈਬ ਟੈਸਟ ਕਰਵਾ ਸਕਦਾ ਹੈ। ਖਾਲਸਾ ਨੇ ਦੱਸਿਆ ਕਿ ਕਮਿਸ਼ਨ ਨੇ ਬਾਕੀ ਬਚੇ 17 ਮੈਂਬਰਾਂ ਨੂੰ ਦੁਬਾਰਾ ਨੋਟਿਸ ਜਾਰੀ ਕਰ ਕੇ 11 ਅਪ੍ਰੈਲ ਤੱਕ ਆਪਣਾ ਜਵਾਬ ਦਾਖਲ ਕਰਨ ਦਾ ਆਖਰੀ ਮੌਕਾ ਦਿੱਤਾ ਹੈ। ਜਵਾਬ ਨਾ ਮਿਲਣ ਦੀ ਸਥਿਤੀ ਵਿੱਚ ਕਮਿਸ਼ਨ ਆਪਣੀਆਂ ਸੰਵਿਧਾਨਕ ਸ਼ਕਤੀਆਂ ਦੀ ਵਰਤੋਂ ਕਰ ਸਕਦਾ ਹੈ। ਦਿੱਲੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਕਰਤਾਰ ਸਿੰਘ ਕੋਛੜ ਨੇ ਦੱਸਿਆ ਕਿ ਸਾਰੇ ਮੈਂਬਰਾਂ ਨੂੰ ਨੋਟਿਸ ਦਿੱਤਾ ਗਿਆ ਹੈ। ਤਿੰਨ ਅਪ੍ਰੈਲ ਤੱਕ ਉਨ੍ਹਾਂ ਦਾ ਜਵਾਬ ਆਉਣਾ ਹੈ। ਜਵਾਬ ਨਹੀਂ ਆਉਂਦਾ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ
647-998-7500
ਬਲਵਿੰਦਰ

# ਬੱਜਟ-2019 ਪ੍ਰਾਪਰਟੀ ਟੈਕਸ ਦੇ ਵਾਧੇ ਨੂੰ ਫ਼ਰੀਜ਼ ਕਰਨ 'ਚ ਸਹਾਈ ਹੋਇਆ: ਰੂਬੀ ਸਹੋਤਾ

ਬਰੈਂਪਟਨ, -ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਬਰੈਂਪਟਨ ਸਿਟੀ ਕਾਊਂਸਲ ਵੱਲੋਂ ਸਲਾਨਾ ਪ੍ਰਾਪਰਟੀ ਟੈਕਸ ਵਿਚ ਵਾਧੇ ਨੂੰ ਫ਼ਰੀਜ਼ ਕਰਨ 'ਤੇ ਸਿਟੀ ਕਾਊਂਸਲ ਦੀ ਪ੍ਰਸ਼ੰਸਾ ਕੀਤੀ ਹੈ। ਇਸ ਦੇ ਇਕ ਪੱਖ ਵਜੋਂ ਫੈੱਡਰਲ ਬੱਜਟ-2019 ਵਿਚ ਉੱਪਰ ਤੋਂ ਹੇਠਾਂ ਵੱਲ ਮਿਉਂਨਿਸਿਪਲ ਇਨਫ਼ਰਾਸਟਰੱਕਚਰ ਵਿਚ ਹੋਣ ਵਾਲੇ ਸੁਧਾਰ ਲਈ ਕੀਤਾ ਗਿਆ ਐਲਾਨ ਵੀ ਸ਼ਾਮਲ ਹੈ। ਫ਼ੈੱਡਰਲ ਸਰਕਾਰ ਵੱਲੋਂ ਬਰੈਂਪਟਨ ਲਈ ਸਾਲ 2018-19 ਲਈ ਗੈਸ ਟੈਕਸ ਟ੍ਰਾਂਸਫ਼ਰ ਦੁੱਗਣਾ ਕਰ ਦਿੱਤਾ ਗਿਆ ਹੈ ਜਿਸ ਨਾਲ ਇਸ ਸ਼ਹਿਰ ਨੂੰ 50 ਮਿਲੀਅਨ ਡਾਲਰ ਦੀ ਰਾਸ਼ੀ ਪ੍ਰਾਪਤ ਹੋਵੇਗੀ। ਇਸ ਦੇ ਬਾਰੇ ਦੱਸਦਿਆਂ ਹੋਇਆਂ ਰੈਬੀ ਸਹੋਤਾ ਨੇ ਕਿਹਾ,"ਬਰੈਂਪਟਨ ਸਿਟੀ ਇਹ ਰਾਸ਼ੀ ਥੋੜ੍ਹੇ-ਸਮੇਂ ਵਾਲੀਆਂ ਪ੍ਰਾਥਮਿਕਤਾਵਾਂ, ਜਿਵੇਂ ਕਿ ਲੋਫ਼ਰਜ਼ ਲੇਕ ਰੀਕਰੀਏਸ਼ਨ ਸੈਂਟਰ ਦੀ ਰੈਨੋਵੇਸ਼ਨ, ਸੜਕਾਂ ਦੀ ਮੁਰੰਮਤ ਕਰਨ, ਬਰੈਂਪਟਨ ਟ੍ਰਾਂਜ਼ਿਟ ਦੇ ਫ਼ਲੀਟ ਵਿਚ ਹੋਰ ਬੱਸਾਂ ਪਾਉਣ, ਸਟੌਰਮ ਵਾਟਰ ਨੂੰ ਕੰਟਰੋਲ ਕਰਨ ਤੇ ਛੱਪੜਾਂ ਦੀ ਹਾਲਤ ਸੁਧਾਰਨ, ਆਦਿ ਲਈ ਵਰਤੀ ਜਾ ਸਕੇਗੀ। ਇਸ ਇਕ ਵਾਰ ਗੈਸ ਟੈਕਸ ਟ੍ਰਾਂਸਫ਼ਰ ਨੂੰ ਸ਼ਹਿਰ ਦੇ ਇਨ੍ਹਾਂ ਓਪਯੋਗੀ ਕੰਮਾਂ ਲਈ ਵਰਤ ਕੇ ਬਰੈਂਪਟਨ ਸਿਟੀ ਇਸ ਰਾਸ਼ੀ ਨਾਲ ਆਪਣੇ ਡੈੱਬਟ ਫ਼ਾਈਨਾਂਸਿੰਗ ਨੂੰ ਘਟਾ ਸਕਦਾ ਹੈ ਜਿਹੜਾ ਕਿ ਮੌਜੂਦਾ ਰੂਪ ਵਿਚ ਅਗਲੇ ਓਪਨਿੰਗ ਬੱਜਟ ਵਿਚ 1.77 ਮਿਲੀਅਨ ਡਾਲਰ ਸਲਾਨਾ ਬਣਦਾ ਹੈ। ਇਸ ਦੇ ਨਾਲ ਬਰੈਂਪਟਨ-ਵਾਸੀਆਂ ਅਤੇ ਬਿਜ਼ਨੈੱਸ-ਅਦਾਰਿਆਂ ਵੱਲੋਂ ਅਦਾ ਕੀਤੇ ਜਾਣ ਵਾਲੇ ਅਤਿ-ਲੋੜੀਂਦੇ ਪ੍ਰਾਪਰਟੀ ਟੈਕਸ ਵਿਚ ਛੋਟ ਦਿੱਤੀ ਜਾ ਸਕਦੀ ਹੈ।

ਰੂਬੀ ਸਹੋਤਾ ਨੇ ਅੱਗੇ ਹੋਰ ਕਿਹਾ,"ਪਿਛਲੀਆਂ ਫ਼ੈਡਰਲ ਚੋਣਾਂ ਵਿਚ ਕੈਨੇਡਾ-ਵਾਸੀਆਂ ਨੇ ਕਨਜ਼ਰਵੇਟਿਵਜ਼ ਤੇ ਐੱਨ.ਡੀ.ਪੀ. ਦੀਆਂ ਮੁਸ਼ਕਲ ਹਾਲਾਤ ਪੈਦਾ ਕਰਨ ਵਾਲੀਆਂ ਬੱਜਟ ਦੀਆਂ ਬੇਲੋੜੀਆਂ ਕੱਟਾਂ ਅਤੇ ਲਿਬਰਲ ਪਾਰਟੀ ਵੱਲੋਂ ਮਿਡਲ ਕਲਾਸ ਲਈ ਪੂੰਜੀ- ਨਿਵੇਸ਼ ਵਿੱਚੋਂ ਬਹੁਤ ਵਧੀਆ ਚੋਣ ਕੀਤੀ ਸੀ। ਬਰੈਂਪਟਨ-ਵਾਸੀ ਇਹ ਭਲੀ-ਭਾਂਤ ਜਾਣਦੇ ਹਨ ਕਿ ਉਹ ਬਿਲਕੁਲ ਸਹੀ ਚੋਣ ਕਰ ਸਕਦੇ ਹਨ। ਮਿਉਂਨਿਸਿਪਲ ਇਨਫ਼ਰਾਸਟਰੱਕਚਰ ਨੂੰ ਸੁਧਾਰਨ ਅਤੇ ਪ੍ਰਾਪਰਟੀ ਟੈਕਸ ਵਿਚ ਹੋਣ ਵਾਲੇ ਵਾਧੇ ਨੂੰ ਰੋਕਣ ਲਈ ਲਈ ਸਾਡੀ ਸਰਕਾਰ ਬਰੈਂਪਟਨ ਨੂੰ 'ਔਫ਼ਸੈੱਟ ਇਨਫ਼ਰਾਸਟਰੱਕਰ ਕੌਸਟਸ' ਦੀਆਂ ਲੋੜਾਂ ਪੂਰੀਆਂ ਕਰਨ ਲਈ ਸਹਾਇਤਾ ਕਰ ਰਹੀ ਹੈ। ਕੈਨੇਡਾ ਸਰਕਾਰ ਬਰੈਂਪਟਨ ਵਿਚ ਵਿਚਰ ਰਹੀਆਂ ਵੱਖ-ਵੱਖ ਕਮਿਊਨਿਟੀਆਂ ਨੂੰ ਹੋਰ ਮਜ਼ਬੂਤ ਕਰਨ ਲਈ ਪੂੰਜੀ ਨਿਵੇਸ਼ ਕਰ ਰਹੀ ਹੈ ਜਿਸ ਨਾਲ ਮਿਡਲ ਕਲਾਸ ਅਤੇ ਇਸ ਵਿਚ ਸ਼ਾਮਲ ਹੋਣ ਦੇ ਚਾਹਵਾਨ ਹਰੇਕ ਵਿਅੱਕਤੀ ਦਾ ਜੀਵਨ-ਪੱਧਰ ਉੱਚਾ ਹੋ ਸਕੇਗਾ।"



G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON
FM 91.9
EVERYDAY 1 PM TO 2PM
HOST:
Harjinder Singh Gill
ਰਮਜ਼ ਪੰਜਾਬੀ
Ramz Punjabi
RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM



ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ। ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ। ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org




IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

Real Estate Exam Prep

ਰਿਐਲਟਰ ਬਣਨ ਦਾ ਸੁਨਿਹਰੀ ਮੌਕਾ, ਲੰਘ ਗਿਆ ਸਮਾਂ ਹੱਥ ਨਹੀਂ ਆਉਣਾ

The Rules are changing For Real Estate Licence

It will become a Full Time College course soon!
To Avoid going to college for 2-3 Years, Join Now

Call: 647-625-7961

Pass each exam in just 2 weeks
○Easy to Understand Material
○Important Practice Questions
○Limited Summarized Material




2250 Bovaird Dr E, Unit#407, Medical Building
Behind RBC, Sunny Meadow/Bovaird

# ‘ਕੋਈ ਖਿੱਚੇ ਨਵੀਂ ਲਕੀਰ’

ਅਹਿਮਦ ਸ਼ਾਹ ਅਬਦਾਲੀ (ਦੁੱਰਾਨੀ) ਵੱਲੋਂ 1757 ਅਤੇ ਫੇਰ 1764 ਚ ਹਰਿਮੰਦਰ ਸਾਹਿਬ ਵਿਖੇ ਜੋ ਬਰਬਾਦੀ ਤੇ ਬੇਹੁਰਮਤੀ ਕੀਤੀ ਗਈ ਸੀ, ਓਹ ਸਿੱਖ ਮਾਨਸਿਕਤਾ ਚੋਂ ਖੁਰੀ ਨਹੀਂ; ਨਾ ਈ ਕਦੀ ਖੁਰੇਗੀ। ਏਦਾਂ ਈ 1984 ਚ ਜੱਗੋਂ ਤੇਰਵੀਂ ਦੀ ਅਤਿ ਬਦਨੁਮਾ ਕਰਤੂਤ ਹਿੰਦ ਦੀ ਕੌਮੀ ਹਕੂਮਤ ਵੱਲੋਂ ਕੀਤੀ, ਜੇਸ ਚ ਸਿੱਖ ਵੀ ਭਾਈਵਾਲ ਸਨ, ਸਿੱਖ ਸਮਾਜ ਦੇ ਚੇਤਿਆਂ ਚ ਰਹੇਗੀ ਅਮਿੱਟ। ਲੋਕ ਇਹਨਾਂ ਦਰਿੰਦਗੀ ਅਤੇ ਦੁਸ਼ਟੀ ਘਟਨਾਵਾਂ ਨੂੰ ਭੁੱਲ ਗਏ ਆ ਜਾਂ ਭੁਲਾਉਣ ਦੇ ਹਾਮੀ ਆ, ਓਹ ਆਪਣੇ ਆਪ ਨੂੰ ਪੰਜਾਬੀ ਮਾਨਸ ਅਖਵਾਉਣ ਦੇ ਕਦਾਚਿੱਤ ਹੱਕਦਾਰ ਨਹੀਂ।

ਕਬੂਤਰ ਵਾਂਙ ਅੱਖਾਂ ਮੀਟਿਆਂ ਇਤਿਹਾਸ ਗ਼ਾਇਬ ਕਿੱਦਾਂ ਹੋ ਜਾਊ’ ਆਓ ਹੁਣ ਆਈਏ, ਤਰਨਤਾਰਨ ਵਿਚਲੇ ਘਰ ਦੇ ਈ ਅਲੋਕਾਰ, ਦਾੜ੍ਹੇਦਾਰ ਅਤੇ ਬਾਣੇਦਾਰ ‘ਅਬਦਾਲੀਆਂ’ ਵੱਲ: ਇਹ ਕਾਰਾ ਕਰਤੂਤ, ਸਿੱਖਾਂ ਦੇ ਦੁਰਲੱਭ ਅਤੇ ਪਵਿੱਤਰ ਜਗ੍ਹਾਂ ਇਤਿਹਾਸਕ ਧਰੋਹਰਾਂ ਨੂੰ ਮਲੀਆਮੇਟ ਕਰਕੇ, ਪੱਥਰਾਂ ਨਾਲ ਸ਼ਿੰਗਾਰਨ ਦੀ, ਪਹਿਲੀ ਨਹੀਂ। ਸੋਤੜ ਪੰਜਾਬੀ ਸਿੱਖ, ਹੈਰਾਨ ਹੋ ਕੇ, ਏਦਾਂ ਦੀਆਂ ਜ਼ੁਲਮੀ, ਬਦਇਖ਼ਲਾਕੀ ਅਤੇ ਅਪਰਾਧੀ ਹਰਕਤਾਂ ਦੀ ਗਿਣਤੀ, ਜੋ ਹੁਣ ਤੱਕ ਹੋ ਚੁੱਕੀਆਂ ਨੇ, ਖ਼ੁਦ ਆਪ ਈ ਕਰਨ।

ਚੇਤੇ ਰਹਵੇ: ਵਿਰਾਸਤ ਦਾ ਮੇਸਨਾ, ਕਿਸੇ ਕੌਮ ਦੇ ਮੇਸਨ ਦਾ ਕਾਰਗਰ ਹੱਥਿਆਰ ਹੋਇਆ ਕਰਦੈ।

ਗ਼ੌਰ ਕਰਨਾ: ਕੀ ਸ਼੍ਰੋਮਣੀ ਕਮੇਟੀ ਆਪ ਖ਼ੁਦ ਗਲਾਂ ਚ ਘੱਘਰੀਆਂ ਵਾਲੇ ਬਾਬਿਆਂ ਨੂੰ ਛਿਛਕੇਰ ਕੇ, ਏਸ ਕਾਰੇ ਨਹੀਂ ਲਾਉਂਦੀ ਤੇ ਫੇਰ ਕੁੰਭਕਰਨੀ ਘੇਸਲ ਤੋਂ, ਇਤਫ਼ਾਕਨ, ਜਾਗੀ ਸੰਗਤ ਨੂੰ ਗੁਮਰਾਹ ਕਰਨ ਹਿੱਤ ਕੀ ਮਗਰਮੱਛੀ ਅੱਥਰੂ ਨਹੀਂ ਕੇਰਨ ਲੱਗ ਪੈਂਦੀ ਕੀ ਇਹ ‘ਜਿਨ੍ ਮਨਿ ਹੋਰੁ ਮੁਖਿ ਹੁਰੁ ਸਿ ਕਾਂਢੇ ਕਚਿਆਂ’ ਨਹੀਂ ਦੋਸਤੋ’ ਜੇ ਅਜੇ ਵੀ ਸ਼੍ਰੋਮਣੀ ਕਮੇਟੀ ਵਾਲੀ ਖਿੱਦੋ ਨਹੀਂ ਉਧੇੜੋਂਗੇ ਤਾਂ ਏਦਾਂ ਦੇ ਹੋਰ ਸਾਕਿਆਂ ਬਾਰੇ ਉਜਰ ਦੇ ਤੁਸੀ ਹੱਕਦਾਰ ਨਹੀਂ ਹੋਵੋਂਗੇ; ਸੱਪ ਦੀ ਲਕੀਰ ਪਿੱਟਿਆਂ ਕੁੱਝ ਨਹੀਂ ਮਿਲਦਾ ਹੁੰਦਾ’ ਬਾਕੀ, ਬਾਣੀਕਾਰ ਬਾਬੇ ਫ਼ਰੀਦ ਮੂਜਬ ‘ਕਿੱਕਰਾਂ’ ਬੀਜ ਕੇ ਕਦੇ ਕਿਸੇ ਨੇ ‘ਬਜੌਰੀਆਂ’ ਨਹੀਂ ਖਾਧੀਆਂ’ ਗੁਰੂਘਰਾਂ ਅਤੇ ਇਤਿਹਾਸਕ ਨਿਸ਼ਾਨੀਆਂ ਦੀ ਸਾਂਭ ਸੰਭਾਲ ਅਤੇ ਸੇਵਾ ਕੀ ਅਰਦਾਸਿਆਂ ਤੱਕ ਈ ਸੀਮਤ ਰਹਿਣੀ ਚਾਹੀਦੀ ਆ ਵੈਸੇ ਸ਼੍ਰੋਮਣੀ ਕਮੇਟੀ ਦੀਆਂ ਕਈ ਪ੍ਰਾਪਤੀਆਂ ਤੋਂ ਇਨਕਾਰੀ ਹੋਣਾ ਵੀ ਬੇਇਨਸਾਫ਼ੀ ਹੋਵੇਗੀ। ਮਗਰ ਤਰਨਤਾਰਨ ਵਰਗੇ ਉਪੱਦਰ ਤੋਂ ਮਹੰਤ ਨਰਾਇਣ ਦਾਸ ਦੀ ਰੂਹ ਜ਼ਰੂਰ ਹੱਸੀ ਹੋਵੇਗੀ’

ਮੁਅੱਤਲ ਮੁਲਾਜ਼ਮ, ਅਸੂਲਨ, ਘੱਲੇ ਜਾਂਦੇ ਆ ਘਰ। ਕੀ ਮੈਨੇਜਰ ਪ੍ਰਤਾਪ ਸਿੰਘ ਨੂੰ ਜੀਂਦ ਘੱਲਣਾ ਮੁਅੱਤਲੀ ਆ ਕਿ ਬਦਲੀ (Transfer) ਉਹ ਬਲੀ ਦਾ ਬੱਕਰਾਂ ਤਾਂ ਨਹੀਂ ਬਣਾਇਆ ਜਾ ਰਿਹਾ ਕੀ ਕਾਰ ਸੇਵਾ ਦੇਣ ਦਾ ਮਤਾ ਪ੍ਰਤਾਪ ਸਿੰਘ ਨੇ ਪਾਇਆ ਸੀ ਕੀ ਇਹ ਕਾਰ ਸੇਵਾ ਵਾਲਿਆਂ ਨੂੰ ਬਰੀ ਉਲਜ਼ੁਮਾ ਨਹੀਂ ਕਰਦਾ ਸੂਰਮੇ ਮਰਦਾਂ ਅਤੇ ਗੁਰਸਿੱਖਾਂ ਵਾਂਙ ਏਸ ਅਤੇ ਏਦਾਂ ਦੀਆਂ ਹੋਰ ਗੁਨਾਹਗੁਾਰੀਆਂ ਨੂੰ ਤਸਲੀਮ ਕਰਨ ਨਾਲ ਕਈ ਟੌਏ ਟਿੱਬੇ ਪੱਧਰੇ ਹੋ ਸਕਦੇ ਆ; ਫ਼ਰੇਬ ਦਰ ਫ਼ਰੇਬ ਨਾਲ ਸੰਕਟ ਦੂਰ ਨਹੀਂ ਹੋਇਆ ਕਰਦੇ’ ਬੜੀ ਸੌਖੀ ਹੁੰਦੀ ਆ ਕਿਸੇ ਦੇ ਕਾਲੇ ਕੰਮਾਂ ਤੇ ਉਂਗਲ ਰੱਖਣੀ; ਤੇ ਬੜਾ ਔਖਾ ਹੁੰਦਾ ਆਪਣੇ ਗਿਰੇਬਾਂ ਚ ਝਾਕਣਾ। ਫ਼ਾਰਸੀ ਦੀ ਇੱਕ ਬਾਕੁਮਾਲ ਉਕੱਤੀ ਵੱਲ ਤਵਜਾ ਦੇਣੀ ਬਣਦੀ ਆ: ਕੁਫ਼ਰ ਅਜ਼ ਕਾਅਬਾ ਬਰਖ਼ੇਜ਼ਦ ਕੁਜਾ ਮਾਨਦ ਮੁਸਲਮਾਨੀ (ਜੇ ਕਾਅਬੇ ਚ ਈ ਕੁਫ਼ਰ ਚਲਦਾ ਹੋਵੇ ਫੇਰ ਮੁਸਲਮਾਨੀ ਕਿੱਥੇ ਬਚੂ’ ਹੈ ਕੋਈ ਲੋੜ ਤਸ਼ਰੀਹ, ਦੀ ਗੁਰੂਘਰਾਂ ਦੇ ਪ੍ਰਬੰਧਨ ਨਾਤੇ ਕੀ ਤਰਨਤਾਰਨ ਵਾਲੇ ਉਪੱਦਰ ਬਾਰੇ ਖੋਜ ਕਮੇਟੀ ਦਾ ਗਠਨ, ਸਰਕਾਰਾਂ ਵੱਲੋਂ ਸਿੱਟ (SIT) ਦੇ ਢਕੌਂਸ ਕਰਨ ਦਾ ਵੀ ਪ੍ਰਤੀਰੂਪ ਤਾਂ ਨਹੀਂ ਇਹਨੂੰ, ਮਸਲੇ ਘੱਟੇ ਕੌਡੀ ਕਰਨ ਦਾ ਵਧੀਆਂ ਤੇ ਘਟੀਆਂ ਸੰਦ ਈ ਮੰਨਿਆਂ ਜਾਂਦੇ, ਅਕਸਰ। ਇੱਕ ਨਾ ਇੱਕ, ਦਿਨ ਸਿੱਖ ਕੌਮ ਖ਼ਾਲਸਾ ਪੰਥ ਨੇ ਜੇ ਸ਼ਹੀਦ ਬਾਬਾ ਦੀਪ ਸਿੰਘ ਵਾਂਙ ਲਕੀਰ ਖਿੱਚ ਕੇ ਜੇ ਕਾਰ ਸੇਵਾ ਵਾਲੇ ਉਜਾੜੇ ਨੂੰ ਠੱਲ੍ਹ ਨਾ ਪਾਈ ਤਾਂ ਵਿਸ਼ਾਲ ਬਰਬਾਦੀ ਲਈ ਤਿਆਰ ਰਹਿਣਾ ਪਵੇਗਾ:

ਫ਼ਿਕਰ ਕਰ ਨਾਦਾਂ ਮੁਸੀਬਤ ਆਣੇ ਵਾਲੀ ਹੈ
ਤੇਰੀ ਬਰਬਾਦੀਓਂ ਕੇ ਮਸ਼ਵਰੇ ਹੈਂ ਆਸਮਾਨੋਂ ਮੇਂ।

ਖੋਜੀ ਕਾਫ਼ਿਰ
e-mail:
neelusukhjinder@yahoo.co.in

# ਕੈਪਟਨ ਸਰਕਾਰ ਦੀ ਦੋ ਸਾਲਾ ਕਾਰਗੁਜ਼ਾਰੀ ਦਾ ਲੇਖਾ ਜੋਖਾ

ਸ਼ੰਗਾਰਾ ਸਿੰਘ ਭੁੱਲਰ
email:
shangarasinghbhullar@gmail.com

ਕੈਪਟਨ ਅਮਰਿੰਦਰ ਸਿੰਘ ਸਰਕਾਰ ਨੂੰ ਆਪਣੇ ਅਹੁਦੇ ’ਤੇ ਬਿਰਾਜਮਾਨ ਹੋਇਆਂ ਦੋ ਸਾਲ ਲੰਘ ਗਏ ਹਨ। ਕਿਸੇ ਵੀ ਸਰਕਾਰ ਦੀ ਕਾਰਗੁਜ਼ਾਰੀ ਦੀ ਪਰਖ ਪੜਚੋਲ ਕਰਨ ਲਈ ਦੋ ਸਾਲ ਦਾ ਸਮਾਂ ਥੋੜਾ ਨਹੀਂ ਹੁੰਦਾ। ਕੈਪਟਨ ਸਰਕਾਰ ਨੇ 17 ਮਾਰਚ 2017 ਨੂੰ ਆਪਣਾ ਅਹੁਦਾ ਸੰਭਾਲਿਆ ਸੀ ਅਤੇ ਇਕ ਵਾਰੀ ਫਿਰ ਲੋਕਾਂ ਨਾਲ ਇਹ ਵਚਨ ਦੁਹਰਾਇਆ ਸੀ ਕਿ ਉਨ੍ਹਾਂ ਨੇ ਚੋਣਾਂ ਸਮੇਂ ਉਨ੍ਹਾਂ ਨਾਲ ਜੋ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਘਟੋ ਘੱਟ ਸਮੇਂ ਵਿਚ ਪੂਰਾ ਕਰ ਦਿਤਾ ਜਾਵੇਗਾ। ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਠੀਕ ਦਸ ਵਰ੍ਹੇ ਇਸ ਅਹੁਦੇ ਲਈ ਉਡੀਕਣਾ ਪਿਆ ਸੀ। ਉਹ ਪਹਿਲੀ ਵਾਰ 2002 ਵਿਚ ਮੁੱਖ ਮੰਤਰੀ ਬਣੇ ਸਨ। ਉਨ੍ਹਾਂ ਪੰਜ ਵਰ੍ਹਿਆਂ ਵਿਚ ਉਨ੍ਹਾਂ ਨੇ ਇਕ ਚੰਗੇ ਰਾਜਨੀਤੀਵਾਨ, ਪ੍ਰਸ਼ਾਸਕ ਅਤੇ ਲੋਕਾਂ ਦੀਆਂ ਆਸਾਂ ਉਮੰਗਾਂ ਉੱਤੇ ਪੂਰਾ ਉਤਰਨ ਦੀ ਜੋ ਭੂਮਿਕਾ ਨਿਭਾਈ, ਬੁਨਿਆਦੀ ਤੌਰ ’ਤੇ ਇਨ੍ਹਾਂ ਗੁਣਾਂ ਨੇ ਹੀ ਉਨ੍ਹਾਂ ਨੂੰ 2017 ਵਿਚ ਦੂਜੀ ਵਾਰ ਮੁੱਖ ਮੰਤਰੀ ਦਾ ਇਹ ਤਾਜ ਬਖ਼ਸ਼ਿਆ ਹਾਲਾਂਕਿ ਕੌੜਾ ਸੱਚ ਇਹ ਵੀ ਹੈ ਕਿ ਜੇ ਚੋਣਾਂ ਵੇਲੇ ਪੂਰੀ ਚੜ੍ਹਾਈ ’ਤੇ ਚਲ ਰਹੀ ਪਹਿਲੀ ਵਾਰ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਦਿਲੀਓਂ ਤੁਰ ਕੇ ਇਥੇ ਪਹੁੰਚੀ ਆਮ ਆਦਮੀ ਪਾਰਟੀ ਵਿਚ ਬਿਖਰਾਓ ਨਾ ਆਉਂਦਾ ਅਤੇ ਇਸ ਦਾ ਕਨਵੀਨਰ ਅਤੇ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਛੋਟੀਆਂ ਛੋਟੀਆਂ ਇਕ ਦੋ ਗਲਤੀਆਂ ਨਾ ਕਰਦਾ ਤਾਂ ਸ਼ਾਇਦ ਕੀ ਕੈਪਟਨ ਅਮਰਿੰਦਰ ਸਿੰਘ ਅਤੇ ਕੀ ਕਾਂਗਰਸ ਕਿਤੇ ਨਜ਼ਰ ਵੀ ਨਾ ਆਉਂਦੇ। ਸ਼੍ਰੋਮਣੀ ਅਕਾਲੀ ਦਲ ਬੇਅਦਬੀ ਦੀਆਂ ਘਟਨਾਵਾਂ ਕਰਕੇ ਪਹਿਲਾਂ ਹੀ ਭੁੰਜੇ ਲੱਥਾ ਹੋਇਆ ਸੀ। ਇਸ ਲਈ ਪੰਜਾਬ ਦੇ ਲੋਕ ਪੂਰੀ ਤਰ੍ਹਾਂ ਕਾਂਗਰਸ ਨੂੰ ਭੁਗਤ ਗਏ ਅਤੇ ਇਸ ਨੂੰ ਦੋ ਤਿਹਾਈ ਬਹੁਮਤ ਨਾਲ ਜਿਤ-ਾਇਆ। ਬਿਨਾਂ ਸ਼ੱਕ ਕੈਪਟਨ ਅਮਰਿੰਦਰ ਸਿੰਘ ਨੂੰ ਇਕ ਪਾਸੇ ਅਤੇ ਕਾਂਗਰਸ ਨੂੰ ਦੂਜੇ ਪਾਸੇ ਪੰਜਾਬ ਦੇ ਲੋਕਾਂ ਦਾ ਅਹਿਸਾਨਮੰਦ ਹੋਣਾ ਚਾਹੀਦਾ ਸੀ ਪਰ ਪਿਛਲੇ ਦੋ ਸਾਲਾਂ ਦੀ ਇਸ ਸਰਕਾਰ ਦੀ ਕਾਰਗੁਜ਼ਾਰੀ ਨੂੰ ਵੇਖਕੇ ਲਗਦਾ ਹੈ ਕਿ ਸਰਕਾਰ ਦੀ ਕਹਿਣੀ ਅਤੇ ਕਰਨੀ ਵਿਚ ਬੜਾ ਵੱਡਾ ਫਰਕ ਹੈ।

ਇਹ ਸੂਬੇ ਦੇ ਪ੍ਰਿੰਟ ਅਤੇ ਬਿਜਲਈ ਮੀਡੀਆ ਦੀ ਸਪਸ਼ਟ ਰਾਏ ਹੈ। ਇਸ ਤੋਂ ਸਵਾਲ ਪੈਦਾ ਹੁੰਦਾ ਹੈ ਕਿ ਸਰਕਾਰ ਦੀ ਕਾਰਗੁਜ਼ਾਰੀ ਤਸੱਲੀਬਖ਼ਸ਼ ਨਹੀਂ ਹਾਲਾਂਕਿ ਸਰਕਾਰ ਤਾਂ ਪਿਛਲੇ ਵਰ੍ਹੇ ਹੀ ਇਹ ਦਮ ਭਰਨ ਲੱਗ ਪਈ ਸੀ ਕਿ ਉਸਨੇ ਚੋਣ ਮੈਨੀਫੈਸਟੋ ਵਿਚ ਲੋਕਾਂ ਨਾਲ ਜੋ ਅਨੇਕਾਂ ਵਾਅਦੇ ਕੀਤੇ ਸਨ ਉਨ੍ਹਾਂ ਵਿਚੋਂ ਬਹੁਤ ਸਾਰੇ ਪੂਰੇ ਵੀ ਕਰ ਲਏ ਹਨ ਅਤੇ ਬਾਕੀਆਂ ਨੂੰ ਛੇਤੀ ਹੀ ਪੂਰਾ ਕਰ ਲਿਆ ਜਾਵੇਗਾ। ਵਿਚੋਂ ਕੌੜਾ ਸੱਚ ਕੀ ਹੈ ਇਹ ਕਿਸੇ ਨੂੰ ਭੁਲਿਆ ਹੋਇਆ ਨਹੀਂ ਅਤੇ ਉਦੋਂ ਨਹੀਂ ਭੁਲਿਆ ਜਦੋਂ ਕੈਪਟਨ ਅਮਰਿੰਦਰ ਸਰਕਾਰ ਪਹਿਲੇ ਦਿਨੋਂ ਹੀ ਖ਼ਜ਼ਾਨਾ ਖਾਲੀ ਹੋਣ ਦਾ ਢੰਡੋਰਾ ਪਿੱਟ ਰਹੀ ਹੈ। ਜੇ ਖਜ਼ਾਨੇ ਵਿਚ ਪੈਸੇ ਹੀ ਨਹੀਂ ਤਾਂ ਫਿਰ ਵਾਅਦਿਆਂ ਅਤੇ ਹੋਰ ਸਕੀਮਾਂ ਦੀ ਪੂਰਤੀ ਕਿਵੇਂ ਕੀਤੀ ਜਾ ਰਹੀ ਹੈ? ਆਖਰ ਹਰ ਛੋਟੀ ਵੱਡੀ ਯੋਜਨਾ ਲਈ ਚੋਖੇ ਫੰਡਾਂ ਦੀ ਲੋੜ ਹੁੰਦੀ ਹੈ। ਦੂਜੀ ਗੱਲ ਇਹ ਵੀ ਕਿ ਜੇ ਖਜ਼ਾਨਾ ਵੀ ਖਾਲੀ ਹੈ ਤਾਂ ਸਰਕਾਰ ਨੇ ਪਿਛਲੇ ਦੋ ਸਾਲਾਂ ਵਿਚ ਲੋਕਾਂ ਉਤੇ ਸਿਰਫ਼ ਦੋ ਛੋਟੇ ਛੋਟੇ ਟੈਕਸ ਹੀ ਲਾਏ ਹਨ ਜਿਨ੍ਹਾਂ ਦਾ ਵਿਰੋਧ ਵੀ ਬੜਾ ਹੋਇਆ। ਕੀ ਉਨ੍ਹਾਂ ਟੈਕਸਾਂ ਨਾਲ ਖਜ਼ਾਨਾ ਭਰ ਗਿਆ ਹੈ। ਐਤਕੀ ਫਿਰ ਲੋਕਸਭਾ ਚੋਣਾਂ ਨੂੰ ਵੇਖਦਿਆਂ ਕੋਈ ਟੈਕਸ ਨਹੀਂ ਲਾਇਆ ਗਿਆ। ਉਧਰੋਂ ਪਿਛਲੇ ਦੋ ਸਾਲਾਂ ਵਿਚ ਖਜ਼ਾਨਾ ਭਰਨ ਲਈ ਕੋਈ ਅੰਦਰੂਨੀ ਮਾਲੀ ਸੋਮੇ ਵੀ ਨਹੀਂ ਲੱਭੇ ਗਏ ਅਤੇ ਨਾ ਹੀ ਉਨ੍ਹਾਂ ਨੂੰ ਅਮਲ ਵਿਚ ਲਿਆਂਦਾ ਗਿਆ ਹੈ। ਸਾਫ਼ ਹੈ ਕਿ ਸਰਕਾਰ ਦੇ ਕੰਮ ਕਾਜ ਚਲਾਉਣ ਲਈ ਏਧਰੋਂ ਉਧਰੋਂ ਕਰਜ਼ਾ ਲਿਆ ਜਾ ਰਿਹਾ ਹੈ। ਜ਼ਰੂਰੀ ਹੋ ਵੀ ਰਿਹਾ ਹੈ ਕਿ ਆਮਦਨੀ ਵਧ ਨਹੀਂ ਰਹੀ ਖਰਚੇ ਲਗਾਤਾਰ ਵਧਦੇ ਜਾ ਰਹੇ ਹਨ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਬੜੇ ਸਿਆਣੇ ਸੁਲਝੇ ਅਤੇ ਤਜਰਬੇਕਾਰ ਰਾਜਨੀਤੀਵਾਨ ਹਨ। ਉਹ ਕਈ ਵਰ੍ਹੇ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵਿਚ ਵੀ ਇਤਫਾਕਨ ਵਿੱਤ ਮੰਤਰੀ ਰਹੇ ਹਨ। ਉਥੇ ਵੀ ਕਰਜ਼ਾ ਲੈ ਲੈ ਕੇ ਖਰਚਾ ਚਲਾਉਂਦੇ ਰਹੇ ਖਜ਼ਾਨਾ ਨਹੀਂ ਭਰਿਆ। ਅਕਾਲੀ ਸਰਕਾਰ ਨੇ ਵੀ ਨਾ ਤਾਂ ਖਜ਼ਾਨਾ ਭਰਨ ਲਈ ਕੋਈ ਨਵੇਂ ਟੈਕਸ ਲਾਏ ਅਤੇ ਨਾ ਹੀ ਨਵੇਂ ਅੰਦਰੂਨੀ ਮਾਲੀ ਸੋਮੇ ਲੱਭੇ, ਸਗੋਂ ਕੇਂਦਰ ਤੋਂ ਕਰਜ਼ਾ ਲੈ ਕੇ ਦਸ ਦੇ ਦਸ ਸਾਲ ਹਕੂਮਤ ਕੀਤੀ। ਮਨਪ੍ਰੀਤ ਬਾਦਲ ਨੂੰ ਕੀ ਇਸ ਦਾ ਇਲਮ ਨਹੀਂ ਸੀ ਅਤੇ ਕੈਪਟਨ ਅਮਰਿੰਦਰ ਸਿੰਘ ਨੂੰ ਵੀ? ਜੇ ਮਾਲੀ ਹਾਲਤ ਏਨੀ ਖਸਤਾ ਸੀ ਤਾਂ ਫਿਰ ਕਾਂਗਰਸ ਨੂੰ ਚੋਣਾਂ ਸਮੇਂ ਏਨੇ ਵੱਡੇ ਅਤੇ ਖਰਚੀਲੇ ਵਾਅਦੇ ਕਰਨ ਦੀ ਕੀ ਜ਼ਰੂਰਤ ਸੀ? ਦੋ ਲੱਖ ਅੱਠ ਹਜ਼ਾਰ ਕਰੋੜ ਦਾ ਕਰਜ਼ਾ ਤਾਂ ਅਕਾਲੀ ਸਰਕਾਰ ਸਿਰ ਹੀ ਚੜ੍ਹਿਆ ਹੋਇਆ ਸੀ ਜੋ ਅੱਜ ਕੈਪਟਨ ਸਰਕਾਰ ਸਮੇਂ ਦੋ ਲੱਖ ਸੱਤਰ ਹਜ਼ਾਰ ਕਰੋੜ ਤਕ ਜਾ ਪਹੁੰਚਾ ਹੈ। ਯਾਨੀ ਇਹ ਕਰਜ਼ਾ ਅਗਲੇ ਸਾਲਾਂ ਵਿਚ ਵੀ ਸਰਕਾਰ ਸਿਰ ਚੜੇਗਾ ਕਿਉਂਕਿ ਸਮੇਂ ਦੀਆਂ ਸਰਕਾਰਾਂ ਨੇ ਨੀਤੀਆਂ ਹੀ ਐਸੀਆਂ ਲੋਕ ਲੁਭਾਊ ਬਣਾ ਲਈਆਂ ਹਨ। ਇਸ ਨੀਤੀ ਨੂੰ ਕਿਸੇ ਤਰ੍ਹਾਂ ਵੀ ਨਾ ਤਾਂ ਲੋਕ ਹਿਤੂ ਅਤੇ ਨਾ ਹੀ ਸਰਕਾਰ ਦੀ ਠੀਕ ਕਾਰਗੁਜ਼ਾਰੀ ਵਜੋਂ ਵੇਖਿਆ ਜਾ ਸਕਦਾ ਹੈ।

ਜਿਸ ਦਿਨ 17 ਮਾਰਚ 2017 ਨੂੰ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਸਹੁੰ ਚੁੱਕੀ ਸੀ ਤਾਂ ਉਸ ਮੌਕੇ ਹੀ ਉਨ੍ਹਾਂ ਨੇ ਖਜ਼ਾਨੇ ਦੀ ਖਸਤਾ ਹਾਲਤ ਦੇ ਮੱਦੇਨਜ਼ਰ ਸਰਕਾਰੀ ਖਰਚਿਆਂ ਵਿਚ ਕਿਫ਼ਾਇਤ ਅਤੇ ਵਿਕਾਸ ਕੰਮਾਂ ਨੂੰ ਪੂਰੀ ਰਫਤਾਰ ਦੇਣ ਦਾ ਵਾਅਦਾ ਵੀ ਕੀਤਾ ਸੀ। ਪਿਛਲੇ ਦੋ ਸਾਲਾਂ ਵਿਚ ਇਹ ਵਾਅਦਾ ਵੀ ਲਗਪਗ ਹਵਾ ਹੋ ਗਿਆ ਹੈ। ਸਰਕਾਰ ਵਿਚ ਕੰਮ ਕਰਦੇ ਕੁਸ਼ਲ ਅਫਸਰਾਂ ਨੂੰ ਛੱਡ ਕੇ ਮੁੱਖ ਮੰਤਰੀ ਸਕਤਰੇਤ ਵਿਚ ਰਿਟਾਇਰਡ ਅਫਸਰਾਂ ਅਤੇ ਸਲਾਹਕਾਰਾਂ ਦੀ ਭਰਤੀ ਕਰ ਲਈ ਹੈ। ਦੂਜੇ ਸ਼ਬਦਾਂ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਸਰਕਾਰ ਦਾ ਕੰਮ ਆਪਣੇ ਚੁਣੇ ਪ੍ਰਤੀਨਿਧਾਂ ਨੂੰ ਸੌਂਪਣ ਦੀ ਥਾਂ ਅਫਸਰਸ਼ਾਹੀ ਦੇ ਹਵਾਲੇ ਕਰ ਦਿਤਾ ਹੈ। ਸ਼ਾਇਦ ਇਹੀਓ ਵਜ੍ਹਾ ਹੈ ਕਿ ਇਹ ਪ੍ਰਤੀਨਿਧ ਜਿਨ੍ਹਾਂ ਵਿਚ ਵਜ਼ੀਰ ਵੀ ਸ਼ਾਮਲ ਹਨ, ਕੈਪਟਨ ਦੇ ਇਸ ਫੈਸਲੇ ਤੋਂ ਗੋਡੇ ਗੋਡੇ ਦੁੱਖੀ ਹਨ। ਦੂਜੇ ਪਾਸੇ ਇਨ੍ਹਾਂ ਸਾਬਕਾ ਅਫਸਰਾਂ ਦੀ ਤਾਇਨਾਤੀ ਦੇ ਰੋਸ ਵਜੋਂ ਅਫਸਰਸ਼ਾਹੀ ਵਿਚ ਵੀ ਅੰਦਰਖਾਤੇ ਨਾਰਾਜ਼ਗੀ ਹੈ। ਇਸ ਨਾਲ ਯਕੀਨਨ ਸਰਕਾਰ ਨੇ ਸ਼ੁਰੂ ਵਿਚ ਜਿਹੜੇ ਪਾਰਦਰਸ਼ੀ ਪ੍ਰਸ਼ਾਸਨ ਦਾ ਵਚਨ ਕੀਤਾ ਸੀ ਉਹ ਅਸਲ ਵਿਚ ਨਹੀਂ ਹੋਇਆ। ਜ਼ਿਲ੍ਹਾ ਪੱਧਰ ’ਤੇ ਸਰਕਾਰੀ ਦਫ਼ਤਰਾਂ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋਣ ਲੱਗਾ ਹੈ ਅਤੇ ਲੋਕਾਂ ਦੀ ਰੱਜ ਕੇ ਖੱਜਲਖੁਆਰੀ ਹੋਣ ਲੱਗੀ ਹੈ। ਨਾ ਲੋਕਾਂ ਦੇ ਚੁਣੇ ਨੁਮਾਇੰਦੇ ਛੇਤੀ ਛੇਤੀ ਉਪਲਬੱਧ ਹਨ ਅਤੇ ਮੁੱਖ ਮੰਤਰੀ ਤਾਂ ਬਿਲਕੁਲ ਹੀ ਨਹੀਂ। ਉਨ੍ਹਾਂ ਨੂੰ ਤਾਂ ਕਈ ਵਾਰੀ ਮੰਤਰੀਆਂ ਨੂੰ ਮਿਲਣਾ ਵੀ ਬੜਾ ਔਖਾ ਹੋ ਜਾਂਦਾ ਹੈ। ਜਿਹੜੇ ਲੋਕ ਨੁਮਾਇੰਦੇ ਦੋ ਸਾਲਾਂ ਦੇ ਵਿਚ ਵਿਚ ਲੋਕਾਂ ਤੋਂ ਇਸ ਕਦਰ ਦੂਰ ਹੋ ਗਏ ਹਨ, ਉਨ੍ਹਾਂ ਅਤੇ ਪਾਰਟੀ ਦੇ ਭਵਿੱਖ ਸਬੰਧੀ ਅਨੁਮਾਨ ਲਾ ਸਕਣਾ ਬਹੁਤ ਔਖਾ ਨਹੀਂ। ਮੁੱਖ ਮੰਤਰੀ ਸਿਵਲ ਸਕਤਰੇਤ ਦੇ ਦਫ਼ਤਰ ਵੀ ਨਹੀਂ ਜਾਂਦੇ ਅਤੇ ਕੰਮ ਘਰੋਂ ਹੀ ਚਲਾਉਂਦੇ ਹਨ। ਇਹੋ ਹਾਲ ਦੂਜੇ ਪਾਸੇ ਮੰਤਰੀਆਂ ਅਤੇ ਅਫ਼ਸਰਾਂ ਦਾ ਹੈ। ਘਰਵਾਲਾ ਘਰ ਨਹੀਂ, ਸਾਨੂੰ ਕਿਸੇ ਦਾ ਡਰ ਨਹੀਂ, ਵਾਲੀ ਹਾਲਤ



ਬਣੀ ਹੋਈ ਹੈ। ਸਿੱਧੀ ਗੱਲ ਹੈ ਕਿ ਜੇ ਦਫ਼ਤਰ ਦਾ ਮੁੱਖੀ ਹੀ ਵੇਲੇ ਸਿਰ ਨਹੀਂ ਪਹੁੰਚਦਾ ਤਾਂ ਦੂਜੇ ਕਿਉਂ ਪਹੁੰਚਣਗੇ? ਕੈਪਟਨ ਸਰਕਾਰ ਦੀ ਇਹੀ ਨੀਤੀ ਪ੍ਰਕਾਸ਼ ਸਿੰਘ ਬਾਦਲ ਦੇ ਬਿਲਕੁਲ ਉਲਟ ਹੈ। ਬਾਦਲ ਦੀ ਇਸ ਵੇਲੇ ਜੋ ਸਿਆਸੀ ਹਾਲਤ ਹੈ ਉਸ ਨੂੰ ਇਕ ਪਾਸੇ ਰਖਦਿਆਂ ਸਾਰੇ ਇਸ ਪੱਖ ਨਾਲ ਸਹਿਮਤ ਹਨ ਕਿ ਮੰਤਰੀਆਂ, ਵਿਧਾਇਕਾਂ, ਸਾਂਸਦਾਂ, ਅਫਸਰਾਂ ਅਤੇ ਹਰ ਵਰਗ ਦੇ ਲੋਕਾਂ ਵਲੋਂ ਬਾਦਲ ਨੂੰ ਮਿਲਣਾ ਬੜਾ ਆਸਾਨ ਸੀ। ਹਰ ਮਹੀਨੇ ਉਹ ਕਈ ਸੰਗਤ ਦਰਸ਼ਨ ਕਰਦੇ ਸਨ। ਉਹ ਲੋਕਾਂ ਵਿਚ ਵਿਚਰਦੇ ਸਨ ਅਤੇ ਉਨ੍ਹਾਂ ਦੀਆਂ ਮੁਸ਼ਕਲਾਂ ਦਾ ਪਤਾ ਲਾ ਕੇ ਹੱਲ ਕਰਨ ਦਾ ਯਤਨ ਕਰਦੇ ਸਨ। ਕੈਪਟਨ ਸਰਕਾਰ ਵਿਚ ਇਸ ਪੱਖੋਂ ਕੀ ਹੋ ਰਿਹਾ ਹੈ? ਕੁੱਝ ਵੀ ਨਹੀਂ। ਮੰਤਰੀ ਖ਼ੁੱਦ ਬੇਬਸ ਹਨ!

ਤਾਂ ਵੀ ਕੈਪਟਨ ਨੇ ਚੋਣਾਂ ਵੇਲੇ ਲੋਕਾਂ ਨਾਲ ਜਿਹੜੇ ਵਾਅਦੇ ਕੀਤੇ ਉਨ੍ਹਾਂ ਵਿਚੋਂ ਗਿਣਤੀ ਦੇ ਜਿਵੇਂ ਇਕ ਮਹੀਨੇ ਵਿਚ ਨਸ਼ੇ ਦਾ ਖਾਤਮਾ, ਘਰ ਘਰ ਰੁਜ਼ਗਾਰ, 50 ਲੱਖ ਯੁਵਕਾਂ ਨੂੰ ਰੁਜ਼ਗਾਰ ਅਤੇ ਕਿਸਾਨਾਂ ਦਾ ਪੂਰਾ ਕਰਜ਼ਾ ਮਾਫ਼ ਕਰਨਾ ਸ਼ਾਮਲ ਸਨ। ਸਰਕਾਰ ਨੂੰ ਬਣਿਆਂ 730 ਦਿਨ ਹੋ ਗਏ ਹਨ ਯਾਨੀ ਚੌਵੀ ਮਹੀਨੇ। ਇਕ ਮਹੀਨਾ ਤਾਂ ਕੀ ਚੌਵੀ ਮਹੀਨਿਆਂ ਵਿਚ ਵੀ ਕੀ ਉਪਰੋਕਤ ਵਾਅਦੇ ਪੂਰੇ ਹੋ ਗਏ ਹਨ? ਸ਼ਾਇਦ ਪੂਰੇ ਨਹੀਂ! ਪੰਜਾਬ ਦੇ ਕਿਸਾਨਾਂ ਸਿਰ 90 ਹਜ਼ਾਰ ਕਰੋੜ ਦਾ ਕਰਜ਼ਾ ਹੈ ਅਤੇ ਇਸ ਵਿਚੋਂ ਹੁਣ ਤਕ ਲਗਭਗ 5000 ਕਰੋੜ ਦਾ ਕਰਜ਼ਾ ਹੀ ਬੜੀ ਮੁਸ਼ਕਲ ਨਾਲ ਮਾਫ਼ ਕੀਤਾ ਜਾ ਸਕਿਆ ਹੈ। ਅਗਲੇ ਤਿੰਨ ਸਾਲਾਂ ਵਿਚ ਬਾਕੀ ਰਹਿੰਦਾ ਮੁਫਤ ਹੋਵੇਗਾ ਜਾਂ ਨਹੀਂ ਕੁਝ ਨਹੀਂ ਕਿਹਾ ਜਾ ਸਕਦਾ? ਵੈਸੇ ਕਰਜ਼ਾ ਮਾਫ਼ੀ ਕੋਈ ਹੱਲ ਨਹੀਂ। ਯਤਨਾਂ ਦੇ ਬਾਵਜੂਦ ਇਨ੍ਹਾਂ ਦੋ ਸਾਲਾਂ ਵਿਚ ਹਜ਼ਾਰ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਕਰਜ਼ਾ ਮਾਫ਼ੀ ਦੀ ਥਾਂ ਠੋਸ ਖੇਤੀ ਨੀਤੀਆਂ ਬਣਨ ਤਾਂਕਿ ਕਿਸਾਨ ਦੀ ਆਮਦਨੀ ਵਿਚ ਵਾਧਾ ਹੋਵੇ। ਨਸ਼ਿਆਂ ਦੇ ਖਾਤਮੇ ਬਾਰੇ ਟਿਪਣੀ ਕਰਨੀ ਵਾਜਬ ਨਹੀਂ ਹੋਵੇਗੀ ਕਿਉਂਕਿ ਸਰਕਾਰ ਦੇ ਅਪਣੇ ਨੁਮਾਇੰਦੇ ਹੀ ਇਸਦੇ ਜਿਉਂ ਦੇ ਤਿਉਂ ਹੋਣ ਦੀ ਦੁਹਾਈ ਦੇ ਰਹੇ ਹਨ। ਘਰ ਘਰ ਰੁਜ਼ਗਾਰ ਵਾਲੀ ਕਹਾਣੀ ਵੀ ਅੱਖਾਂ ਪੂੰਝਣ ਵਾਲੀ ਹੈ ਹਾਲਾਂਕਿ ਇਸ ਲਈ ਰੁਜ਼ਗਾਰ ਮੇਲਿਆਂ ਦਾ ਢੋਂਗ ਰਚਿਆ ਜਾ ਰਿਹਾ ਹੈ। ਸਮਾਰਟ ਸਰਕਾਰ ਦਾਅਵਾ ਕਰਦੀ ਹੈ ਕਿ ਇਸਨੇ ਸਾਢੇ ਪੰਜ ਲੱਖ ਤੋਂ ਵਧ ਨੌਕਰੀਆਂ ਦਿਤੀਆਂ ਹਨ। ਉਹ ਨਿੱਜੀ ਖੇਤਰ ਦੀਆਂ ਹਨ ਅਤੇ ਸਰਕਾਰੀ ਇਕ ਵੀ ਨਹੀਂ। ਮੋਬਾਈਲ ਫੋਨਾਂ ਦਾ ਵੀ ਫਿਲਹਾਲ ਚਰਚਾ ਹੀ ਹੈ, ਅਮਲ ਕੋਈ ਨਹੀਂ। ਕੈਪਟਨ ਨੇ ਇਸੇ ਦੌਰਾਨ ਅਪਣੀ ਸਰਕਾਰ ਦੇ ਦੋ ਸਾਲ ਪੂਰੇ ਹੋਣ ’ਤੇ ਆਪਣੀ ਪਿੱਠ ਜ਼ੋਰਦਾਰ ਢੰਗ ਨਾਲ ਇਹ ਕਹਿਕੇ ਥਾਪੜੀ ਹੈ ਕਿ ਤੰਗੀ ਤੁਰਸ਼ੀ ਦੇ ਬਾਵਜੂਦ ਸਰਕਾਰ ਨੇ ਲੋਕਾਂ ਨਾਲ ਕੀਤੇ ਬਹੁਤ ਸਾਰੇ ਵਾਅਦੇ ਪੂਰੇ ਕਰ ਦਿਤੇ ਹਨ। ਅਸਲ ਵਿਚ ਲਗਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਹੋਰਾਂ ਸਿਆਸਤਦਾਨਾਂ ਦੀ ਤਰ੍ਹਾਂ ਜਨਤਾ ਨਾਲ ਝੂਠੇ ਲਾਰੇ ਲਾ ਕੇ ਵੋਟਾਂ ਜਿੱਤਣ ਦੀ ਨੀਤੀ ਅਪਨਾਈ ਅਤੇ ਇਸ ਵਿਚ ਕਾਮਯਾਬ ਵੀ ਹੋਏ। ਇਨ੍ਹਾਂ ਸਭ ਵਾਅਦਿਆਂ ਲਈ ਚੂੰਕਿ ਪੈਸੇ ਚਾਹੀਦੇ ਸਨ ਅਤੇ ਖਜ਼ਾਨਾ ਖਾਲੀ ਹੈ। ਇਸਦੇ ਬਾਵਜੂਦ ਸਰਕਾਰ ਨੂੰ ਕੋਈ ਲੱਥੀ ਚੜ੍ਹੀ ਨਹੀਂ। ਵਾਅਦਿਆਂ ਦਾ ਕੀ ਹੈ, ਇਹ ਤਾਂ ਸਿਰਫ਼ ਕਰਨ ਲਈ ਹੀ ਹੁੰਦੇ ਹਨ ਅਮਲੀ ਰੂਪ ਦੇਣ ਲਈ ਨਹੀਂ। ਦੂਜੇ ਪਾਸੇ ਪੰਜਾਬ ਦੇ ਲੋਕ ਜਿਵੇਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਤੋਂ ਬੜੇ ਉਤਸ਼ਾਹਿਤ ਸਨ ਹੁਣ ਓਨੇ ਹੀ ਉਨ੍ਹਾਂ ਦੀਆਂ ਢਿੱਲਮੱਠ ਦੀਆਂ ਨੀਤੀਆਂ ਅਤੇ ਅਰਾਮਪ੍ਰਸਤ ਜ਼ਿੰਦਗੀ ਤੋਂ ਬੜੇ ਨਿਰਾਸ਼ ਹੋਣ ਲੱਗੇ ਹਨ। ਕਿਸੇ ਮੁੱਖ ਮੰਤਰੀ ਅਤੇ ਸਰਕਾਰ ਲਈ ਲੋਕਾਂ ਦੀ ਅਜਿਹੀ ਸੋਚ ਕੋਈ ਚੰਗਾ ਸੰਕੇਤ ਨਹੀਂ।

ਮੋਬਾਈਲ 98141 22870

# ਸਾਡਾ ਸੱਭਿਆਚਾਰ



ਹਰਜਿੰਦਰ ਕੌਰ ਤੂਰ-ਦੱਦਾਹੂਰ
(6475282715)

ਸੱਭਿਆਚਾਰ ਕਿਸੇ ਦੇਸ਼ ਦੀ ਆਣ-ਮਾਣ ਤੇ ਸ਼ਾਨ ਹੁੰਦਾ ਹੈ।ਇਸ ਵਿੱਚ ਹੀ ਉਸ ਦੇਸ਼ ਦਾ ਵਿਰਸਾ ਹੁੰਦਾ ਹੈ,ਸਭ ਦੇਸ਼ਾਂ ਦਾ ਆਪਣਾ-ਆਪਣਾ ਸੱਭਿਆਚਾਰ ਹੁੰਦਾ ਹੈ,ਜਿਸ ਨੂੰ ਸੰਭਾਲਣਾ ਆਉਣ ਵਾਲੀ ਪੀੜ੍ਹੀ ਦਾ ਸਭ ਤੋਂ ਜਰੂਰੀ ਕੰਮ ਹੁੰਦਾ ਹੈ ਤੇ ਉਸਨੂੰ ਅਪਣਾਉਣਾ ਉਸ ਦਾ ਧਰਮ ਹੁੰਦਾ ਹੈ,ਪੰਜਾਬ ਦਾ ਸੱਭਿਆਚਾਰ ਸਭ ਤੋਂ ਵਿਲੱਖਣ ਹੈ ਤੇ ਇਹ ਸਭ ਤੋਂ ਅਮੀਰ ਗਿਣਿਆ ਜਾਂਦਾ ਹੈ। ਸਾਡੇ ਪੰਜਾਬੀਆਂ ਦਾ ਇਹ ਧਰਮ ਹੈ ਕਿ ਅਸੀ ਆਪਣੇ ਵਿਰਸੇ ਤੇ ਸੱਭਿਆਚਾਰ ਦੀ ਸੰਭਾਲ ਕਰੀਏ।ਪਰ ਅੱਜ-ਕੱਲ੍ਹ ਪੱਛਮੀ ਸੱਭਿਆਚਾਰ ਆਉਣ ਨਾਲ, ਪੰਜਾਬੀ ਆਪਣੇ ਵਿਰਸੇ ਨੂੰ ਭੁੱਲਦੇ ਜਾ ਰਹੇ ਹਨ।ਅੱਜ ਕੱਲ ਦੇ ਨੌਜਵਾਨ ਪੱਛਮੀ ਸੱਭਿਆਚਾਰ ਦੇ ਪ੍ਰਭਾਵ ਹੇਠ ਆ ਗਏ ਹਨ।ਉਹਨਾ ਨੂੰ ਆਪਣੇ ਸੱਭਿਆਚਾਰ ਵਾਰੇ ਬਿਲਕੁਲ ਵੀ ਜਾਣਕਾਰੀ ਨਹੀਂ। ਵਿਆਹਾਂ ਦੇ ਸਮੇਂ ਜੋ ਗੀਤ ਗਾਏ ਜਾਂਦੇ ਸਨ ਉਹ ਅੱਜ ਕੱਲ ਕੋਈ ਨਹੀਂ ਜਾਣਦਾ।ਜੋ ਵਿਆਹ ਮਹੀਨਾਂ ਪਹਿਲਾਂ ਸ਼ੁਰੂ ਹੋ ਜਾਂਦੇ ਸਨ ਉਹ ਅੱਜ ਕੱਲ ਸਿਰਫ਼ ਇੱਕ ਦਿਨ ਵਿਚ ਮੁਕਾ ਲਏ ਜਾਂਦੇ ਹਨ ਨਾ ਹੀ ਉਹ ਰੀਤੀ ਰਿਵਾਜ ਰਹੇ ਜੋ ਪਹਿਲਾਂ ਦੇ ਵਿਆਹਾਂ ਵਿੱਚ ਹੁੰਦੇ ਸਨ ਤੇ ਨਾ ਹੀ ਉਹ ਗੀਤ ਜੋ ਪਹਿਲਾਂ ਹੁੰਦੇ ਸਨ ਜਿਵੇਂ: "ਸਾਡਾ ਚਿੜੀਆਂ ਦਾ ਚੰਬਾ ਵੇ, ਬਾਬਲ ਅਸਾਂ ਉੱਡ ਵੇ ਜਾਣਾਂ,ਸਾਡੀ ਲੰਮੀ ਉਡਾਰੀ ਵੇ,ਬਾਬਲ ਕਿਹੜੇ ਦੇਸ਼ ਜਾਣਾ"ਇਹ ਗੀਤ ਅੱਜਕਲ੍ਹ ਬਹੁਤ ਘੱਟ ਲੋਕ ਹੀ ਜਾਣਦੇ ਹਨ।ਹੁਣ ਤਾਂ ਇਹਨਾਂ ਨੂੰ ਕੋਈ ਸੁਣਨਾ ਵੀ ਪਸੰਦ ਨਹੀਂ ਕਰਦਾ। ਪਹਿਲਾਂ ਲੋਕ ਖੁੱਲ੍ਹਾ ਖਾਂਦੇ ਤੇ ਸਖ਼ਤ ਮਿਹਨਤ ਕਰਦੇ ਸਨ। ਪਹਿਲਾਂ ਭੋਜਨ ਸੰਤੁਲਿਤ ਤੇ ਸ਼ੁੱਧ ਹੁੰਦਾ ਸੀ ਪਰ ਅੱਜਕਲ੍ਹ ਮਿਲਾਵਟ ਵਧ ਜਾਣ ਕਾਰਨ ਹਰ ਕਿਸੇ ਨੂੰ ਕੋਈ ਨਾ ਕੋਈ ਬਿਮਾਰੀ ਰਹਿੰਦੀ ਹੈ।ਪਹਿਲਾ ਦੇ ਲੋਕ ਰੱਜ ਕੇ ਖਾਂਦੇ ਤੇ ਦੱਬ ਕੇ ਕੰਮ ਕਰਦੇ ਸਨ,ਇਸ ਨਾਲ ਉਹ ਤੰਦਰੁਸਤ ਰਹਿੰਦੇ ਸਨ।ਹੁਣ ਦੇ ਲੋਕਾਂ ਵਿੱਚ ਹੱਥੀਂ ਕਣਕ ਵੱਢਣੀ ਵੀ ਔਖੀ ਹੈ ਕੁਝ ਕੁ ਹੀ ਲੋਕ ਹਨ ਜਿਹੜੇ ਹੱਥੀਂ ਕਣਕ ਵੱਢਦੇ ਹਨ।ਹੁਣ ਦੇ ਸਮੇਂ ਵਿੱਚ ਅਜਿਹਾ ਕੁਝ ਨਹੀਂ ਹੈ ਜਿਹੜਾ ਪਹਿਲਾਂ ਹੁੰਦਾ ਸੀ।ਹੁਣ ਦੇ ਲੋਕ ਖੇਤੀ ਟਰੈਕਟਰਾਂ ਨਾਲ ਕਰਦੇ ਹਨ ਤੇ ਫ਼ਸਲ ਨੂੰ ਪਾਣੀ ਲਗਾਉਣ ਵਾਸਤੇ ਖੇਤਾਂ ਵਿੱਚ ਮੋਟਰਾਂ ਲੱਗ ਗਈਆਂ ਹਨ ਘਰਾਂ ਵਿੱਚ ਮੋਟਰਾਂ ਤੇ ਨਲਕੇ ਹਨ। ਅੱਜਕਲ੍ਹ ਕੋਈ ਕੰਮ ਔਖਾ ਨਹੀਂ। ਪਹਿਲਾਂ ਲੋਕਾਂ ਦਾ ਪਹਿਰਾਵਾ ਸਾਦਾ ਹੁੰਦਾ ਸੀ ਤੇ ਹੁਣ ਫੈਸ਼ਨਾਂ ਵਾਲਾ ਹੈ। ਪਹਿਲਾਂ ਲੋਕ ਤੂਤਾਂ ਦੀ ਛਾਵੇਂ ਬੈਠ ਗੱਲਾਂ ਕਰਦੇ ਤੇ ਬਿਜਲੀ ਦਾ ਐਨਾਂ ਪ੍ਰਬੰਧ ਨਹੀ ਸੀ। ਅੱਜਕਲ੍ਹ ਏ.ਸੀ. ਕੂਲਰ, ਪੱਖੇ ਸਭ ਦੇ ਘਰਾਂ ਵਿੱਚ ਹਨ ਤੇ ਹਰੇਕ ਦੇ ਘਰ ਬਿਜਲੀ ਦਾ ਪ੍ਰਬੰਧ ਹੈ। ਅੱਗੇ ਕੁੜੀਆਂ ਪਿੱਪਲਾਂ ਉੱਪਰ ਪੀਂਘਾਂ ਝੂਟਦੀਆਂ ਤੀਆਂ ਲਾਉਂਦੀਆਂ,ਤ੍ਰਿੰਝਣ ਵਿੱਚ ਇਕੱਠੀਆਂ ਹੋ ਕੇ ਬੋਲੀਆਂ ਪਾਉਂਦੀਆਂ,ਫੁਲਕਾਰੀ ਕੱਢਦੀਆਂ,ਪੱਖੀਆਂ ਝਲਦੀਆਂ ਤੇ ਚਰਖੇ ਕੱਤਦੀਆਂ ਸਨ।ਪਰ ਅੱਜਕਲ੍ਹ ਇਹ ਸਭ ਨਹੀਂ ਰਿਹਾ। ਪਹਿਲਾਂ ਲੋਕਾਂ ਵਿੱਚ ਏਕਤਾ,ਭਾਈਚਾਰਾ ਹੁੰਦਾ ਸੀ ਲੋਕ ਸਭ ਨਾਲ ਰਲ-ਮਿਲ ਕੇ ਕੰਮ ਕਰਦੇ ਤੇ ਸਭ ਨਾਲ ਹੱਥ ਵਟਾਉਂਦੇ ਤੇ ਇੱਕ ਦੂਜੇ ਦੇ ਦੁੱਖ ਸੁੱਖ ਵਿੱਚ ਸ਼ਾਮਲ ਹੁੰਦੇ ਸਨ।ਪਰ ਅੱਜਕਲ੍ਹ ਕੋਈ ਕਿਸੇ ਨਾਲ ਗੱਲ ਕਰਨੀ ਪਸੰਦ ਨਹੀਂ ਕਰਦਾ। ਅਸੀਂ ਸਭ ਨੇ ਮਿਲ ਕੇ ਆਪਣਾ ਅਮੀਰ ਸੱਭਿਆਚਾਰ ਜ਼ਿੰਦਾ ਰੱਖਣਾ ਹੈ।ਇਹ ਸਿਰਫ਼ ਅਜਾਇਬ ਘਰਾਂ ਵਿੱਚ ਹੀ ਚੰਗਾ ਨਹੀਂ ਲੱਗਦਾ ਸਾਨੂੰ ਆਪਣੇ ਸੱਭਿਆਚਾਰ ਤੇ ਮਾਣ ਕਰਨਾ ਚਾਹੀਦਾ ਹੈ। ਸਾਡਾ ਸੱਭਿਆਚਾਰ ਬਜ਼ੁਰਗਾਂ ਵੱਲੋਂ ਦਿੱਤਾ ਵਰਦਾਨ ਹੈ ਤੇ ਇਸ ਨੂੰ ਸੰਭਾਲਣਾ ਸਾਡਾ ਸਭ ਤੋਂ ਵੱਡਾ ਧਰਮ ਹੈ। ਮੈਂ ਤਾਂ ਆਪਣੇ ਸੱਭਿਆਚਾਰ ਬਾਰੇ ਇਹ ਹੀ ਕਹਾਂਗੀ ਕਿ: "ਭਰ-ਭਰ ਗੜ੍ਹਵੇ ਲੱਸੀ ਦੇ ਸਭ ਪੀਂਦੇ ਸੀ, ਹਿੱਕਾਂ ਰੱਖਦੇ ਤਾਣੀ ਮੜ੍ਹਕ ਨਾਲ ਜੀਂਦੇ ਸੀ,ਕਿਤੇ ਕਬੱਡੀ-ਛਿੰਝਾਂ ਲੱਗਦੇ ਖਾੜੇ ਦੁਨੀਆ ਤੇ,ਪਿੰਡਾਂ ਵਰਗੀ ਮੌਜ ਨੀ ਲੱਭਣੀ ਸਾਰੀ ਦੁਨੀਆਂ ਤੇ"

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 ● For Marketing 647-656-6648

Aikam MEDIA GROUP

Radio Punjab
Monday to Friday 2:00PM to 3:00PM on 89.5 FM
Aikam TV
Every Saturday on Vision TV Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com

Natasha Mahal Co-Host
Iqbal Mahal Producer & Host
Serving the South Asian Community Since 1976

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

KARTAR FURNITURE

132”
88”
8 Seated Sofa
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
■ ਅਸੀਂ ਸੋਫਾ ਸੈੱਟ ਖ਼ੁਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜ਼ਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20 Etobicoke ON, M9V 3Y6

# ਸਿੱਖ ਧਰਮ ਦੇ ਮੂਲ ਮੰਤਰ ਉੱਤੇ ਕੱਥਕ ਦੇਖਦੇ ਰਾਸ਼ਟਰਪਤੀ ਦੀ ਵੀਡੀਓ ਵਾਇਰਲ




ਅੰਮ੍ਰਿਤਸਰ, 3 ਅਪ੍ਰੈਲ (ਪੋਸਟ ਬਿਊਰੋ)- ਚਿਲੀ ਵਿੱਚ ਭਾਰਤੀ ਮੂਲ ਦੇ ਲੋਕਾਂ ਵੱਲੋਂ ਕਰਵਾਏ ਪ੍ਰੋਗਰਾਮ ਵਿੱਚ ਸਿੱਖ ਧਰਮ ਦੇ ਮੂਲ ਮੰਤਰ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਥਮ ਬਾਣੀ 'ਤੇ ਕੱਥਕ ਡਾਂਸ ਕਰਵਾਉਣ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਇਸ ਪ੍ਰੋਗਰਾਮ ਵਿੱਚ ਭਾਰਤ ਦੇ ਰਾਸ਼ਟਰਪਤੀ ਕੋਵਿੰਦ ਮੁੱਖ ਮਹਿਮਾਨ ਸਨ। ਰਾਸ਼ਟਰਪਤੀ ਦੇ ਆਪਣੇ ਸੋਸ਼ਲ ਮੀਡੀਆ ਦੇ ਅਕਾਊਂਟ 'ਤੇ ਵੀ ਮੂਲ ਮੰਤਰ 'ਤੇ ਕੱਥਕ ਡਾਂਸ ਦੀ ਵੀਡੀਓ ਸ਼ੇਅਰ ਕੀਤੀ ਗਈ ਹੈ।

ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਦੇ ਮੁੱਖ ਸਕੱਤਰ ਰੂਪ ਸਿੰਘ ਨੇ ਕਿਹਾ ਕਿ ਇਸ ਗੱਲ ਨਾਲ ਦੇਸ਼ ਵਿਦੇਸ਼ ਵਿੱਚ ਬੈਠੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਸਿੱਖ ਹਮੇਸ਼ਾ ਸਾਰੇ ਧਰਮਾਂ ਦਾ ਸਨਮਾਨ ਕਰਦੇ ਹਨ ਅਤੇ ਰਾਸ਼ਟਰਪਤੀ ਕੋਵਿੰਦ ਵੀ ਸਿੱਖ ਧਰਮ ਤੋਂ ਜਾਣੂ ਹਨ ਤੇ ਸਨਮਾਨ ਕਰਦੇ ਹਨ, ਪਰ ਉਨ੍ਹਾਂ ਦੇ ਸੋਸ਼ਲ ਮੀਡੀਆ ਅਕਾਊਂਟ 'ਤੇ ਇਸ ਤਰ੍ਹਾਂ ਵੀਡੀਓ ਸ਼ੇਅਰ ਕੀਤਾ ਜਾਣਾ ਮੰਦਭਾਗਾ ਹੈ। ਇਸ ਕਾਰਨ ਸਿੱਖਾਂ ਵਿੱਚ ਰੋਸ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਮਾਮਲੇ 'ਤੇ ਰਾਸ਼ਟਰਪਤੀ ਵੱਲੋਂ ਵੀ ਚਿੰਤਾ ਜ਼ਾਹਿਰ ਕੀਤੀ ਜਾਣੀ ਚਾਹੀਦੀ ਹੈ। ਇਸ ਬਾਰੇ ਐੱਸ ਜੀ ਪੀ ਸੀ ਨੂੰ ਕਾਰਵਾਈ ਕਰਨ ਦੇ ਲਈ ਹਦਾਇਤ ਕੀਤੀ ਜਾਏਗੀ। ਜਿਨ੍ਹਾਂ ਨੇ ਇਹ ਪ੍ਰੋਗਰਾਮ ਕਰਵਾਇਆ ਹੈ, ਪ੍ਰੋਗਰਾਮ ਕਰਾਉਣ ਵਾਲਿਆਂ ਦੇ ਖਿਲਾਫ ਕਾਰਵਾਈ ਕੀਤੀ ਜਾਏਗੀ। ਰਾਸ਼ਟਰਪਤੀ ਨੂੰ ਵੀ ਪੱਤਰ ਲਿਖਣ ਦੇ ਬਾਰੇ ਵਿੱਚ ਕਿਹਾ ਜਾਏਗਾ।

## ਕਿਸਾਨ ਕਰਜ਼ਾ ਮੁਆਫੀ ਯੋਜਨਾ :

# ਪ੍ਰਾਈਵੇਟ ਬੈਂਕਾਂ ਦੇ ਦੋ ਲੱਖ ਤੋਂ ਵੱਧ ਕੇਸ ਜਾਅਲੀ ਪਾਏ ਗਏ

*** ਸੋਸ਼ਲ ਆਡਿਟ ਵਿੱਚ ਵੱਡੇ ਕਿਸਾਨਾਂ ਦੇ 2,03,091 ਕੇਸ ਵੀ ਨਿਕਲੇ**



ਚੰਡੀਗੜ੍ਹ, 3 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ ਕਿਸਾਨ ਕਰਜ਼ਾ ਮੁਆਫੀ ਸਕੀਮ ਦੇ ਸੋਸ਼ਲ ਆਡਿਟ ਦੌਰਾਨ 2,03,091 ਲੱਖ ਇਹੋ ਜਿਹੇ ਕਿਸਾਨਾਂ ਦਾ ਪਤਾ ਲੱਗਾ ਹੈ ਕਿ ਜਿਨ੍ਹਾਂ ਦੀ ਜ਼ਮੀਨ ਪੰਜ ਏਕੜ ਤੋਂ ਵੱਧ ਨਿਕਲਦੀ ਹੈ, ਪ੍ਰੰਤੂ ਸਟੇਟ ਬੈਂਕਰਸ ਕਮੇਟੀ ਨੇ ਇਨ੍ਹਾਂ ਕਿਸਾਨਾਂ ਨੂੰ ਯੋਜਨਾ ਦਾ ਲਾਭ ਦਿਵਾਉਣ ਦੇ ਲਈ ਰਾਜ ਸਰਕਾਰ ਦੇ ਕੋਲ ਡਾਟਾ ਭੇਜਿਆ ਸੀ। ਪ੍ਰਾਈਵੇਟ ਬੈਂਕਾਂ ਨੇ ਇਨ੍ਹਾਂ ਕਿਸਾਨਾਂ ਨੂੰ ਲੱਖਾਂ ਰੁਪਏ ਦਾ ਕਰਜ਼ਾ ਦਿੱਤਾ ਅਤੇ ਉਨ੍ਹਾਂ ਨੂੰ ਯੋਜਨਾ ਦਾ ਲਾਭ ਦਿਵਾਉਣ ਦੀ ਵੀ ਕੋਸ਼ਿਸ਼ ਕੀਤੀ ਸੀ। ਪੰਜਾਬ ਸਰਕਾਰ ਨੇ ਇਸ ਬਾਰੇ ਪ੍ਰਧਾਨ ਮੰਤਰੀ ਦਫਤਰ ਨੂੰ ਪੱਤਰ ਭੇਜਿਆ ਸੀ, ਪਰ ਅਜੇ ਤੱਕ ਇਸ ਸੰਬੰਧ ਵਿੱਚ ਕੋਈ ਕਾਰਵਾਈ ਨਹੀਂ ਹੋਈ। ਮਿਲੀ ਜਾਣਕਾਰੀ ਅਨੁਸਾਰ ਕਿਸਾਨ ਕਰਜ਼ਾ ਮੁਆਫੀ ਯੋਜਨਾ ਹੇਠ ਸੂਬਾ ਸਰਕਾਰ ਦੀ ਜਾਂਚ ਵਿੱਚ 5,99,346 ਕਿਸਾਨ ਲਾਭ ਪਾਤਰੀ ਬਣਦੇ ਸਨ। ਸੋਸ਼ਲ ਆਡਿਟ ਦੌਰਾਨ 4,04,199 ਕੇਸਾਂ ਦੀ ਜਾਂਚ ਵਿੱਚ 2,03,091 ਲੱਖ ਅਜਿਹੇ ਕਿਸਾਨ ਨਿਕਲੇ, ਜਿਨ੍ਹਾਂ ਦੀ ਜ਼ਮੀਨ ਪੰਜ ਏਕੜ ਤੋਂ ਵੱਧ ਬਣਦੀ ਹੈ। ਸਟੇਟ ਬੈਂਕਰਸ ਕਮੇਟੀ ਵੱਲੋਂ ਨਿੱਜੀ ਬੈਂਕਾਂ ਦਾ ਇਹ ਡਾਟਾ ਸੂਬਾ ਸਰਕਾਰ ਨੂੰ ਭੇਜਿਆ ਸੀ। ਜਾਣਕਾਰ ਸੂਤਰਾਂ ਮੁਤਾਬਕ ਨਿੱਜੀ ਬੈਂਕਾਂ ਨੇ ਕਰਜ਼ਾ ਟਾਰਗੈਟ ਪੂਰਾ ਕਰਨ ਦੇ ਲਈ ਕਰਜ਼ਾ ਨਿਯਮਾਂ ਦੀ ਉਲੰਘਣਾ ਕਰ ਕੇ ਇਨ੍ਹਾਂ ਕਿਸਾਨਾਂ ਨੂੰ ਕਰਜ਼ਾ ਦਿੱਤਾ ਤੇ ਫਿਰ ਮੁਆਫ ਯੋਜਨਾ ਦਾ ਲਾਭ ਦਿਵਾਉਣ ਦੇ ਲਈ ਰਾਜ ਸਰਕਾਰ ਨੂੰ ਇਹ ਡਾਟਾ ਭੇਜਿਆ ਸੀ। ਰਾਜ ਸਰਕਾਰ ਨੇ ਇਨ੍ਹਾਂ ਦਾ ਕਰਜ਼ਾ ਮੁਆਫ ਨਹੀਂ ਕੀਤਾ। ਇਸ ਸੰਬੰਧ ਵਿੱਚ ਪ੍ਰਧਾਨ ਮੰਤਰੀ ਦਫਤਰ ਨੂੰ ਪੱਤਰ ਭੇਜਿਆ ਗਿਆ ਸੀ ਅਤੇ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੂੰ ਵੀ ਇੱਕ ਪੱਤਰ ਭੇਜ ਕੇ ਕਾਰਵਾਈ ਲਈ ਕਿਹਾ ਗਿਆ, ਪ੍ਰੰਤੂ ਆਰ ਬੀ ਆਈ ਨੇ ਵੀ ਅਜੇ ਇਸ ਬਾਰੇ ਕੁਝ ਨਹੀਂ ਕੀਤਾ। ਪ੍ਰਾਈਵੇਟ ਬੈਂਕ ਕਿਸਾਨਾਂ ਨੂੰ ਕਰਜ਼ਾ ਦੇਣ ਲਈ ਨਿਯਮਾਂ ਦਾ ਉਲੰਘਣ ਕਰ ਰਹੇ ਹਨ, ਪਰ ਇਸ ਵਿੱਚ ਕਿਸਾਨਾਂ ਦੀ ਕੋਈ ਗਲਤੀ ਸਾਹ-ਮਣੇ ਨਹੀਂ ਆਈ। ਰਾਜ ਸਰਕਾਰ ਨੇ ਡਾਟਾ ਮਿਲਣ ਪਿੱਛੋਂ ਪਟਵਾਰੀ ਪੱਧਰ 'ਤੇ ਜਾਂਚ ਕਰਵਾਈ ਅਤੇ ਬਾਅਦ ਵਿੱਚ ਡਿਪਟੀ ਕਮਿਸ਼ਨਰ ਦੀ ਅਗਵਾਈ ਵਿੱਚ ਬਣੀ ਸਕਰੀਨਿੰਗ ਕਮੇਟੀ ਨੇ ਇਸ ਦੀ ਪ੍ਰੀਖਿਆ ਕੀਤੀ ਤਾਂ ਪੂਰਾ ਮਾਮਲਾ ਸਾਹਮਣੇ ਆਇਆ ਹੈ। ਕਿਸਾਨ ਕਰਜ਼ਾ ਮੁਆਫੀ ਸਕੀਮ ਹੇਠ ਰਾਜ ਸਰਕਾਰ ਕੋਲ 1,47,890 ਕੇਸ ਪੈਂਡਿੰਗ ਹਨ ਅਤੇ ਇਸ ਦੇ ਲਈ 1705.46 ਕਰੋੜ ਰੁਪਏ ਦੇ ਫੰਡ ਦੀ ਲੋੜ ਹੈ। ਜਾਅਲਸਾਜ਼ੀ ਦਾ ਇਹ ਮਾਮਲਾ ਸਾਹਮਣੇ ਆਉਣ ਦੇ ਬਾਅਦ ਰਾਜ ਸਰਕਾਰ ਨੇ ਨਿੱਜੀ ਬੈਂਕਾਂ ਵੱਲੋਂ ਦਿੱਤੇ ਡਾਟਾ ਦੀ ਪੂਰੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਭੂਮੀਹੀਣ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਵੀ ਕਰਜ਼ਾ ਮੁਆਫ ਕਰਨ ਲਈ ਪੂਰੀ ਜਾਂਚ ਕੀਤੀ ਜਾ ਰਹੀ ਹੈ।

## ਘਰ ਵਿੱਚ ਵੜ ਕੇ ਲੁਟੇਰਿਆਂ ਨੇ ਬਜ਼ੁਰਗ ਔਰਤ ਦਾ ਕਤਲ ਕੀਤਾ

ਬੀਣੇਵਾਲ, 3 ਅਪ੍ਰੈਲ (ਪੋਸਟ ਬਿਊਰੋ)- ਪਿੰਡ ਗੜ੍ਹੀ ਮਾਨਸੋਵਾਲ ਵਿੱਚ ਇਕ 68 ਸਾਲਾ ਬਜ਼ੁਰਗ ਔਰਤ ਦਾ ਕਤਲ ਕੀਤੇ ਜਾਣ ਦੀ ਖਬਰ ਆਈ ਹੈ। ਉਹ ਪਿਛਲੇ ਕਰੀਬ 18 ਸਾਲਾਂ ਤੋਂ ਘਰ 'ਚ ਇਕੱਲੀ ਰਹਿੰਦੀ ਸੀ ਅਤੇ ਉਸ ਦਾ ਇਕਲੌਤਾ ਪੁੱਤਰ, ਜੋ ਸਰਕਾਰੀ ਅਧਿਆਪਕ ਹੈ, ਗੜ੍ਹਸ਼ੰਕਰ ਰਹਿੰਦਾ ਹੈ।

ਪਤਾ ਲੱਗਾ ਹੈ ਕਿ ਲੁਟੇਰਿਆਂ ਨੇ ਲੁੱਟਣ ਦੀ ਨੀਤ ਨਾਲ ਘਰ 'ਚ ਦਾਖਲ ਹੋ ਕੇ ਉਸ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਹੈ। ਮ੍ਰਿਤਕਾ ਆਦਰਸ਼ ਬਾਲਾ ਪਤਨੀ ਰਾਮ ਮੂਰਤੀ ਵਾਸੀ ਗੜ੍ਹੀ ਮਾਨਸੋਵਾਲ ਰਾਤ ਨੂੰ ਕਰੀਬ 12 ਵਜੇ ਪਿੰਡ 'ਚ ਚੱਲਦੀ ਭਾਗਵਤ ਕਥਾ ਸੁਣ ਕੇ ਆਈ ਅਤੇ ਆਪਣੇ ਘਰ 'ਚ ਸੌਂ ਗਈ। ਉਸ ਦੀ ਗੁਆਂਢਣ ਪੂਨਮ ਰਾਣੀ ਪਤਨੀ ਵਿਨੋਦ ਕੁਮਾਰ ਨੇ ਦੱਸਿਆ ਕਿ ਉਹ ਕਰੀਬ ਅੱਠ ਵਜੇ ਟੂਟੀ ਉੱਤੇ ਪਾਣੀ ਲੈਣ ਆਈ ਤਾਂ ਦੇਖਿਆ ਕਿ ਆਦਰਸ਼ ਬਾਲਾ ਪਾਣੀ ਲੈਣ ਨਹੀਂ ਆਈ। ਉਸ ਨੇ ਆਵਾਜ਼ਾਂ ਮਾਰੀਆਂ, ਪਰ ਕੋਈ ਆਵਾਜ਼ ਨਹੀਂ ਆਈ। ਜਦੋਂ ਅੰਦਰ ਜਾ ਕੇ ਦੇਖਿਆ ਤਾਂ ਉਸ ਦੀ ਮੰਜੇ 'ਤੇ ਖੂਨ ਨਾਲ ਲੱਥਪਥ ਹੋਈ ਲਾਸ਼ ਪਈ ਸੀ।

## ਕਿਰਪਾਨਾਂ ਉੱਤੇ ਹਿੰਦੂ ਸ਼ਬਦ ਉਕਰਨ ਨੂੰ ਸ਼੍ਰੋਮਣੀ ਕਮੇਟੀ ਨੇ ਡੂੰਘੀ ਸਾਜ਼ਿਸ਼ ਕਿਹਾ

ਅੰਮ੍ਰਿਤਸਰ, 3 ਅਪ੍ਰੈਲ (ਪੋਸਟ ਬਿਊਰੋ)- ਪੰਜਾਂ ਕਕਾਰਾਂ ਵਿੱਚ ਸ਼ਾਮਲ ਕਿਰਪਾਨਾਂ ਦੇ ਮਿਆਨਾਂ ਉਪਰ 'ਜੈ ਮਾਤਾ ਦੀ' ਲਿਖ ਕੇ ਵੇਚਣਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਡੂੰਘੀ ਸਾਜ਼ਿਸ਼ ਦਾ ਹਿੱਸਾ ਲੱਗਦਾ ਹੈ। ਇਸ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਇਸ ਬਾਰੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਦੀ ਪੜਤਾਲ ਕਰਵਾ ਕੇ ਇਸ ਦੀ ਤਹਿ ਤੀਕ ਜਾਵੇਗੀ ਕਿ ਕਿਰਪਾਨਾਂ ਦੇ ਮਿਆਨਾਂ ਉਪਰ 'ਜੈ ਮਾਤਾ ਦੀ' ਲਿਖ ਕੇ ਵੇਚਣ ਪਿੱਛੇ ਕਿਸ ਦੀ ਸਾਜ਼ਿਸ਼ ਹੈ।

ਵਰਨਣ ਯੋਗ ਹੈ ਕਿ ਪਹਿਲਾਂ ਵੀ ਇਕ ਵਾਰ ਇਹ ਕੁਝ ਸਾਹਮਣੇ ਆਇਆ ਸੀ। ਖਬਰਾਂ ਛਪਣ ਤੋਂ ਬਾਅਦ ਇਸ ਤਰ੍ਹਾਂ ਦੀਆਂ ਲਿਖਤਾਂ ਵਾਲੀਆਂ ਕਿਰਪਾਨਾਂ ਦੀ ਵਿਕਰੀ ਬੰਦ ਹੋ ਗਈ ਤੇ ਦੁਕਾਨਦਾਰਾਂ ਨੇ ਕਿਰਪਾਨਾਂ ਵਾਪਸ ਭੇਜ ਦਿੱਤੀਆਂ ਸਨ। ਕਿਰਪਾਨਾਂ ਦੇ ਮਿਆਨਾਂ ਉਪਰ 'ਜੈ ਮਾਤਾ ਦੀ' ਲਿਖ ਕੇ ਗੁਰੂ ਨਗਰੀ ਵਿੱਚ ਕੜਿਆਂ, ਕਿਰਪਾਨਾਂ ਵਾਲੀਆਂ ਦੁਕਾਨਾਂ 'ਤੇ ਵੇਚਿਆ ਜਾ ਰਿਹਾ ਹੈ। ਇਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਗਿਆਨੀ ਹਰਨਾਮ ਸਿੰਘ ਨੇ ਮਿਆਨਾਂ 'ਤੇ 'ਜੈ ਮਾਤਾ ਦੀ' ਲਿਖੀਆਂ ਹੋਈਆਂ ਕਿਰਪਾਨਾਂ ਦੀ ਵਿਕਰੀ 'ਤੇ ਇਤਰਾਜ਼ ਕੀਤਾ ਹੈ।

## ਕੋਲਿਆਂਵਾਲੀ ਦੇ ਖਿਲਾਫ ਧੋਖਾ ਕਰਨ ਦੀ ਇਕ ਹੋਰ ਸ਼ਿਕਾਇਤ ਆ ਗਈ



ਮਲੋਟ, 3 ਅਪ੍ਰੈਲ (ਪੋਸਟ ਬਿਊਰੋ)- ਜ਼ਿਲਾ ਮੁਕਤਸਰ ਸਾਹਿਬ ਦੇ ਪਿੰਡ ਕੋਲਿਆਂਵਾਲੀ ਦੇ ਵਾਸੀ ਮਨਿੰਦਰ ਸਿੰਘ ਨੇ ਮੁੱਖ ਮੰਤਰੀ ਪੰਜਾਬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੇ ਮੈਂਬਰ ਦਿਆਲ ਸਿੰਘ ਕੋਲਿਆਂਵਾਲੀ ਦੇ ਖਿਲਾਫ ਲਿਖਤੀ ਸ਼ਿਕਾਇਤ ਕੀਤੀ ਹੈ, ਜਿਹੜੀ ਮੁੱਖ ਮੰਤਰੀ ਦਫਤਰ ਤੋਂ ਤਸਦੀਕ ਹੋ ਕੇ ਜ਼ਿਲਾ ਪੁਲਸ ਮੁਖੀ ਮੁਕਤਸਰ ਸਾਹਿਬ ਮਨਜੀਤ ਸਿੰਘ ਢੇਸੀ ਕੋਲ ਪੜਤਾਲ ਲਈ ਪਹੁੰਚ ਗਈ ਹੈ।

ਪਤਾ ਲੱਗਾ ਹੈ ਕਿ ਇਸ ਸ਼ਿਕਾਇਤ ਵਿੱਚ ਮਨਿੰਦਰ ਸਿੰਘ ਨੇ ਦੱਸਿਆ ਹੈ ਕਿ ਅਕਾਲੀ ਸਰਕਾਰ ਦੇ ਮੌਕੇ ਦਿਆਲ ਸਿੰਘ ਕੋਲਿਆਂਵਾਲੀ ਨੇ ਆਪਣੀ ਜ਼ਮੀਨ ਨਾਲ ਲੱਗਦੀ ਸ਼ਿਕਾਇਤ ਕਰਤਾ ਦੀ ਜ਼ਮੀਨ ਖਰੀਦਣ ਲਈ ਉਨ੍ਹਾਂ ਉੱਤੇ ਦਬਾਅ ਬਣਾਇਆ ਸੀ। ਜਦੋਂ ਉਨ੍ਹਾਂ ਨੇ ਜ਼ਮੀਨ ਦੇਣ ਤੋਂ ਇਨਕਾਰ ਕੀਤਾ ਤਾਂ ਕੋਲਿਆਂਵਾਲੀ ਨੇ ਉਸ ਦੇ ਖਿਲਾਫ ਥਾਣਾ ਸਦਰ ਵਿੱਚ ਕੇਸ ਦਰਜ ਕਰਵਾ ਦਿੱਤਾ ਅਤੇ ਮਗਰੋਂ ਉਸ ਦੇ ਪਿਤਾ ਨੂੰ ਘਰ ਸੱਦ ਕੇ ਕਿਹਾ ਕਿ ਜੇ ਉਹ ਆਪਣੀ ਜ਼ਮੀਨ ਉਸ ਨੂੰ ਵੇਚ ਦੇਵੇ ਤਾਂ ਉਹ ਉਸ ਦੇ ਲੜਕੇ ਖਿਲਾਫ ਦਰਜ ਕੇਸ ਰੱਦ ਕਰਵਾ ਦੇਣਗੇ। ਇਸ ਦਬਾਅ ਵਿੱਚ ਆ ਕੇ ਉਸ ਦੇ ਪਿਤਾ ਨੇ ਚਾਰ ਕਨਾਲ ਜ਼ਮੀਨ ਦੀ ਰਜਿਸਟਰੀ ਸੱਤ ਲੱਖ ਰੁਪਏ ਵਿੱਚ ਦਿਆਲ ਸਿੰਘ ਨੂੰ ਕਰਵਾ ਦਿੱਤੀ, ਜਿਸ ਵਿੱਚੋਂ ਉਸ ਨੇ ਇਕ ਲੱਖ ਰੁਪਏ ਦਿੱਤੇ, ਪਰ ਬਾਕੀ ਪੈਸੇ ਨਹੀਂ ਦਿੱਤੇ ਤੇ ਨਾ ਹੀ ਕੇਸ ਰੱਦ ਕਰਵਾਇਆ ਸੀ। ਮਨਿੰਦਰ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਗੁਰਮੀਤ ਸਿੰਘ 'ਤੇ ਵੀ ਦਿਆਲ ਸਿੰਘ ਨੇ ਨਸ਼ੀਲੇ ਪਾਊਡਰ ਦਾ ਕੇਸ ਬਣਵਾ ਕੇ ਜੇਲ੍ਹ ਭੇਜ ਦਿੱਤਾ। ਮਨਿੰਦਰ ਨੂੰ ਤਾਂ ਅਦਾਲਤ ਨੇ ਬਰੀ ਕਰ ਦਿੱਤਾ, ਪਰ ਉਸ ਦੇ ਪਿਤਾ ਅੱਜ ਵੀ ਜੇਲ੍ਹ ਵਿੱਚ ਹਨ। ਉਸ ਨੇ ਮੰਗ ਕੀਤੀ ਕਿ ਉਨ੍ਹਾਂ ਨੂੰ ਜ਼ਮੀਨ ਦੇ ਬਾਕੀ ਰਹਿੰਦੇ ਛੇ ਲੱਖ ਰੁਪਏ ਦਿਵਾਏ ਜਾਣ ਅਤੇ ਕੇਸਾਂ ਸਬੰਧੀ ਪੜਤਾਲ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ।

# ਸਕਿਨ ਐਲਰਜੀ ਤੋਂ ਤੰਗ ਸੀ ਏ ਵਿਦਿਆਰਥੀ ਵੱਲੋਂ ਖੁਦਕੁਸ਼ੀ

ਚੰਡੀਗੜ੍ਹ, 3 ਅਪ੍ਰੈਲ (ਪੋਸਟ ਬਿਊਰੋ)- 27 ਸਾਲ ਦੇ ਸੀ ਏ ਵਿਦਿਆਰਥੀ ਨੇ ਆਪਣੀ ਕਾਰ ਵਿੱਚ ਗੈਸ ਸਿਲੰਡਰ ਨਾਲ ਅੱਗ ਲਾ ਲਈ। ਗੈਸ ਦੇ ਕਾਰਨ ਕਾਰ ਵਿੱਚ ਧਮਾਕਾ ਹੋ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਰੋਹਨ ਨਈਅਰ ਦੇ ਰੂਪ ਵਿੱਚ ਹੋਈ ਹੈ। ਪੁਲਸ ਨੂੰ ਰੋਹਨ ਦੇ ਘਰ ਜਾਂ ਕਾਰ ਵਿੱਚੋਂ ਕੋਈ ਸੁਸਾਈਡ ਨੋਟ ਨਹੀਂ ਮਿਲਿਆ। ਮੁੱਢਲੀ ਜਾਂਚ ਵਿੱਚ ਪੁਲਸ ਇਸ ਨੂੰ ਸੁਸਾਈਡ ਮੰਨਦੀ ਹੈ।

ਪੁਲਸ ਨੇ ਜਦੋਂ ਮ੍ਰਿਤਕ ਦੇ ਪਿਤਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਪਿਛਲੇ ਡੇਢ ਮਹੀਨੇ ਤੋਂ ਉਨ੍ਹਾਂ ਦਾ ਬੇਟਾ ਸਕਿਨ ਐਲਰਜੀ ਕਾਰਨ ਪ੍ਰੇਸ਼ਾਨ ਸੀ। ਇਸ ਕਾਰਨ ਰੋਹਨ ਦੇ ਚਿਹਰੇ 'ਤੇ ਕਾਫੀ ਪਿੰਪਲ ਹੋ ਗਏ ਸਨ। ਰੋਹਨ ਸੈਕਟਰ-23 ਵਿੱਚ ਰਹਿੰਦਾ ਸੀ। ਉਸ ਦੇ ਪਿਤਾ ਪੰਜਾਬ ਇਰੀਗੇਸ਼ਨ ਡਿਪਾਰਟਮੈਂਟ ਵਿੱਚ ਜੂਨੀਅਰ ਅਸਿਸਟੈਂਟ ਤੇ ਮਾਂ ਹਾਊਸ ਵਾਈਫ ਹੈ। ਰੋਹਨ ਦਾ ਵੱਡਾ ਭਰਾ ਪਰਵਾਰ ਸਮੇਤ ਮੁੰਬਈ ਵਿੱਚ ਹੈ। ਕੱਲ੍ਹ ਦੁਪਹਿਰ ਰੋਹਨ ਆਪਣੇ ਘਰੋਂ ਗੈਸ ਸਿਲੰਡਰ ਲੈ ਕੇ ਨਿਕਲਿਆ। ਘਰ ਵਾਲਿਆਂ ਨੂੰ ਕਿਹਾ ਕਿ ਉਹ ਆਪਣੇ ਦੋਸਤ ਦੇ ਘਰ ਸਿਲੰਡਰ ਦੇਣ ਜਾ ਰਿਹਾ ਹੈ। ਇਸ ਦੇ ਬਾਅਦ ਉਹ ਆਪਣੇ ਘਰੋਂ ਕੁਝ ਦੂਰੀ 'ਤੇ ਸੈਕਟਰ-23 ਦੇ ਸਰਕਾਰੀ ਸਕੂਲ ਨੇੜੇ ਗਿਆ ਤੇ ਸਕੂਲ ਦੇ ਨਾਲ ਦੀ ਪਾਰਕਿੰਗ ਵਿੱਚ ਕਾਰ ਖੜ੍ਹੀ ਕਰ ਕੇ ਪਿਛਲੀ ਸੀਟ ਉੱਤੇ ਜਾ ਬੈਠਾ। ਰੋਹਨ ਨੇ ਕਿਸੇ ਤਰ੍ਹਾਂ ਨਾਲ ਸਿਲੰਡਰ 'ਚੋਂ ਗੈਸ ਲੀਕ ਕੀਤੀ ਅਤੇ ਫਿਰ ਅੱਗ ਲਗਾ ਲਈ। ਅੱਗ ਲੱਗਣ ਦੇ ਕਾਰਨ ਅਤੇ ਕਾਰ ਵਿੱਚ ਗੈਸ ਫੈਲ ਗਈ ਅਤੇ ਧਮਾਕਾ ਹੋ ਗਿਆ।



ਨੁਕਸਾਨੀ ਗਈ ਕਾਰ ਦਾ ਮੁਆਇਨਾ ਕਰਦੇ ਮੌਕੇ ਉਤੇ ਪਹੁੰਚੇ ਪੁਲਸ ਅਧਿਕਾਰੀ।

## ਹਾਦਸੇ ਵਿੱਚ ਮੋਟਰ ਸਾਈਕਲ ਸਵਾਰ ਦੀ ਮੌਤ, ਸਾਥੀ ਜ਼ਖਮੀ

ਜਲੰਧਰ, 3 ਅਪ੍ਰੈਲ (ਪੋਸਟ ਬਿਊਰੋ)- ਥਾਣਾ ਬਸਤੀ ਬਾਵਾ ਖੇਲ ਦੀ ਹੱਦ 'ਚ ਕਪੂਰਥਲਾ ਰੋਡ 'ਤੇ ਦੇਰ ਰਾਤ ਪਾਰਟੀ ਤੋਂ ਮੁੜਦੇ ਦੋ ਮੋਟਰ ਸਾਈਕਲ ਸਵਾਰ ਨੌਜਵਾਨਾਂ ਨੂੰ ਇਕ ਤੇਜ਼ ਰਫਤਾਰ ਕਾਰ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਦੋਵੇਂ ਗੰਭੀਰ ਜ਼ਖਮੀ ਹੋ ਗਏ। ਦੋਵਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿਥੇ ਇਕ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਗੌਤਮ ਪੁੱਤਰ ਦਸ਼ਰਥ ਵਾਸੀ ਬਸਤੀ ਸ਼ੇਖ ਆਪਣੇ ਇੱਕ ਦੋਸਤ ਰਾਹੁਲ ਨਾਲ ਲੈਦਰ ਕੰਪਲੈਕਸ ਆਪਣੇ ਦੋਸਤ ਦੀ ਜਨਮ ਦਿਨ ਦੀ ਪਾਰਟੀ ਤੋਂ ਦੇਰ ਰਾਤ ਇਕ ਵਜੇ ਮੋਟਰ ਸਾਈਕਲ 'ਤੇ ਘਰ ਆ ਰਹੇ ਸਨ ਤਾਂ ਬਸਤੀ ਬਾਵਾ ਖੇਲ ਨਹਿਰ ਨੇੜੇ ਤੇਜ਼ ਰਫਤਾਰ ਕਾਰ ਨੇ ਉਨ੍ਹਾਂ ਨੂੰ ਆਪਣੀ ਲਪੇਟ 'ਚ ਲੈ ਲਿਆ, ਜਿਸ ਕਾਰਨ ਦੋਵੇਂ ਜ਼ਖਮੀ ਹੋ ਗਏ। ਰਾਹਗੀਰਾਂ ਨੇ ਐਂਬੂਲੈਂਸ ਨੂੰ ਸੂਚਨਾ ਦਿੱਤੀ, ਪਰ ਜਦੋਂ ਕਾਫੀ ਸਮੇਂ ਤੱਕ ਐਂਬੂਲੈਂਸ ਮੌਕੇ 'ਤੇ ਨਾ ਪੁੱਜੀ ਤਾਂ ਲੋਕਾਂ ਨੇ ਜ਼ਖਮੀਆਂ ਦੇ ਫੋਨ ਤੋਂ ਇਸ ਦੀ ਸੂਚਨਾ ਉਨ੍ਹਾਂ ਦੇ ਦੋਸਤਾਂ ਨੂੰ ਦਿੱਤੀ, ਜੋ ਮੌਕੇ 'ਤੇ ਪੁੱਜੇ ਤੇ ਦੋਵਾਂ ਨੂੰ ਹਸਪਤਾਲ ਪਹੁੰਚਾਇਆ। ਉਥੇ ਇਲਾਜ ਦੌਰਾਨ ਗੌਤਮ ਦੀ ਮੌਤ ਹੋ ਗਈ। ਮੌਕੇ 'ਤੇ ਪੁੱਜੀ ਥਾਣਾ ਬਸਤੀ ਬਾਵਾ ਖੇਲ ਦੀ ਪੁਲਸ ਘਟਨਾ ਵਾਲੇ ਥਾਂ 'ਤੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਜਾਂਚ ਸੀ। ਮ੍ਰਿਤਕ ਦੇ ਰਿਸ਼ਤੇਦਾਰਾਂ ਨੇ ਦੱਸਿਆ ਗੌਤਮ ਨੇ ਇਕ ਹਫਤੇ ਬਾਅਦ ਇੰਗਲੈਂਡ ਜਾਣਾ ਸੀ।

We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

A/Z Drivers Needed/ਡਰਾਈਵਰਾਂ ਦੀ ਲੋੜ
- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"
New Drivers Are Also Welcome, We Give Paid Training With Full Time Job
For Further Information Contact: 6476253344

## ਐਕਸ ਯੂ ਵੀ ਗੱਡੀ ਤੋਂ 26 ਕਿਲੋ ਸੋਨੇ ਦੀਆਂ ਇੱਟਾਂ ਮਿਲਣ ਉੱਤੇ ਚਾਰ ਗ੍ਰਿਫਤਾਰ

ਡੇਰਾਬੱਸੀ, 3 ਅਪ੍ਰੈਲ (ਪੋਸਟ ਬਿਊਰੋ)- ਲਾਲੜੂ ਥਾਣੇ ਦੀ ਪੁਲਸ ਨੇ ਅੰਬਾਲਾ-ਚੰਡੀਗੜ੍ਹ ਹਾਈਵੇ ਉੱਤੇ ਐਕਸ ਯੂ ਵੀ ਗੱਡੀ ਵਿੱਚ ਸਵਾਰ ਚਾਰ ਵਿਅਕਤੀਆਂ ਤੋਂ 26 ਕਿਲੋ ਸੋਨੇ ਦੀਆਂ ਇੱਟਾਂ ਬਰਾਮਦ ਕੀਤੀਆਂ ਹਨ। ਇਸ ਸੋਨੇ ਦਾ ਬਾਜ਼ਾਰੀ ਮੁੱਲ ਸੱਤ ਕਰੋੜ 80 ਲੱਖ ਰੁਪਏ ਦੇ ਲਗਭਗ ਦੱਸਿਆ ਗਿਆ ਹੈ। ਮੋਹਾਲੀ ਦੇ ਐੱਸ ਪੀ (ਡੀ) ਵਰੁਣ ਸ਼ਰਮਾ ਨੇ ਦੱਸਿਆ ਕਿ ਕੱਲ੍ਹ ਸਵੇਰੇ ਹਰਿਆਣਾ ਸਰਹੱਦ 'ਤੇ ਝਰਮੜੀ ਦੇ ਕੋਲ ਲਾਲੜੂ ਥਾਣਾ ਦੇ ਮੁਖੀ ਗੁਰਚਰਨ ਸਿੰਘ ਦੀ ਅਗਵਾਈ ਵਿੱਚ ਐੱਸ ਆਈ ਜਸਵਿੰਦਰ ਸਿੰਘ ਦੇ ਨਾਲ ਟੀਮ ਵੱਲੋਂ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਅੰਬਾਲਾ ਵੱਲੋਂ ਆਈ ਮਹਿੰਦਰਾ ਐਕਸ ਯੂ ਵੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਗੱਡੀ ਵਿੱਚ ਚਾਰ ਜਣੇ ਸਨ, ਜਿਨ੍ਹਾਂ ਦੇ ਕਬਜ਼ੇ ਵਿੱਚੋਂ ਇੱਕ ਥੈਲੇ ਵਿੱਚ 26 ਕਿਲੋ ਸੋਨਾ ਲੱਕੜ ਦੀ ਪੇਟੀ ਵਿੱਚ ਬੰਦ ਕੀਤਾ ਹੋਇਆ ਮਿਲਿਆ। ਇਹ ਸੋਨਾ ਏਅਰ ਕਾਰਗੋ ਸੇਵਾਵਾਂ ਰਾਹੀਂ ਸਾਊਥ ਅਫਰੀਕਾ ਤੋਂ ਏਥੇ ਪਹੁੰਚਿਆ ਹੈ ਅਤੇ ਇਸ ਨਾਲ ਸੰਬੰਧਤ ਕੋਈ ਵੀ ਦਸਤਾਵੇਜ਼ ਜਾਂ ਬਿੱਲ ਉਹ ਲੋਕ ਪੇਸ਼ ਨਹੀਂ ਕਰ ਸਕੇ। ਪੁਲਸ ਨੇ ਚਾਰਾਂ ਨੂੰ ਕਾਬੂ ਕਰ ਲਿਆ ਅਤੇ ਉਨ੍ਹਾਂ ਖਿਲਾਫ ਲਾਲੜੂ ਪੁਲਸ ਥਾਣੇ ਵਿੱਚ ਡੀ ਡੀ ਆਰ ਦਰਜ ਕੀਤੀ ਹੈ। ਗ੍ਰਿਫਤਾਰ ਕੀਤੇ ਵਿਅਕਤੀਆਂ ਵਿੱਚ ਰਾਕੇਸ਼ ਕੁਮਾਰ ਤੇ ਬਲਵੀਰ ਚੰਦ ਜ਼ਿਲ੍ਹਾ ਹਮੀਰਪੁਰ, ਸੰਜੇ ਕੁਮਾਰ ਜ਼ਿਲ੍ਹਾ ਕਾਂਗੜਾ ਅਤੇ ਜਸਵੰਤ ਸਿੰਘ ਜ਼ਿਲ੍ਹਾ ਜੋਧਪੁਰ ਰਾਜਸਥਾਨ ਸ਼ਾਮਲ ਹਨ।





# ਉੱਤਰ ਪ੍ਰਦੇਸ਼ ਤੋਂ ਬੱਚੇ ਚੁੱਕ ਕੇ ਜੈਪੁਰ ਵਿੱਚ ਭੀਖ ਮੰਗਾਉਣ ਵਾਲੇ ਦੋ ਕਾਬੂ

ਜੈਪੁਰ, 3 ਅਪ੍ਰੈਲ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਬੱਚਿਆਂ ਦੀ ਸਮੱਗਲਿੰਗ ਕਰ ਕੇ ਜੈਪੁਰ ਲਿਆਉਣ ਤੇ ਏਥੇ ਉਨ੍ਹਾਂ ਤੋਂ ਭੀਖ ਮੰਗਾਉਣ ਦਾ ਭੇਦ ਖੁੱਲ੍ਹਾ ਹੈ। ਇਨ੍ਹਾਂ ਵਿਚੋਂ ਕੁਝ ਬੱਚਿਆਂ ਨੂੰ ਦਿ-ਵਆਂਗ ਵਰਗੇ ਦਿੱਸਣ ਲਈ ਟ੍ਰੇਨਿੰਗ ਦਿੱਤੀ ਗਈ ਅਤੇ ਉਨ੍ਹਾਂ ਨੂੰ ਦਿਵਿਆਂਗ ਵਰਗਾ ਮੇਕਅਪ ਵੀ ਕੀਤਾ ਜਾਂਦਾ ਸੀ। ਜੈਪੁਰ ਪੁਲਿਸ ਨੇ ਇਸ ਕੇਸ ਵਿਚ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦਿ-ਵਆਂਗ ਬੱਚਿਆਂ ਨੂੰ ਰੋਜ਼ ਹਸਪਤਾਲ ਤੇ ਸਰਕਾਰੀ ਦਫ਼ਤਰਾਂ ਦੇ ਸਾਹਮਣੇ ਜਾਂ ਮੁੱਖ ਚੌਰਾਹਿਆਂ ਉੱਤੇ ਖੜ੍ਹਾ ਕਰ ਦਿੱਤਾ ਜਾਂਦਾ ਸੀ। ਇਹ ਬੱਚੇ ਸਵੇਰੇ ਸੱਤ ਤੋਂ ਲੈ ਕੇ ਰਾਤ ਨੌਂ ਵਜੇ ਤਕ ਆਪਣੇ ਮਾਲਕ ਨੂੰ 700 ਤੋਂ 1000 ਰੁਪਏ ਤਕ ਕਮਾ ਕੇ ਦਿੰਦੇ ਸਨ। ਇਸ ਦੇ ਬਦਲੇ ਬੱਚਿਆਂ ਨੂੰ ਰੋਜ਼ 30 ਰੁਪਏ ਅਤੇ ਕੱਪੜੇ ਦਿੱਤੇ ਜਾਂਦੇ ਸਨ। ਖਾਣੇ ਦਾ ਪ੍ਰਬੰਧ ਸੜਕ ਉੱਤੇ ਖੜ੍ਹੇ ਬੱਚੇ ਖ਼ੁਦ ਕਰਦੇ ਸਨ।



ਪੁਲਿਸ ਵੱਲੋਂ ਫੜੇ ਗਏ ਸਮੀਰ ਅਤੇ ਸਰਵਣ ਦੀ ਪੁੱਛਗਿੱਛ ਤੋਂ ਭੇਦ ਖੁੱਲ੍ਹਾ ਹੈ ਕਿ ਭੀਖ ਮੰਗਣ ਲਈ ਬੱਚਿਆਂ ਨੂੰ ਦਿਵਿਆਂਗਾਂ ਵਰਗੇ ਦਿਸਣ ਦੀ ਟ੍ਰੇਨਿੰਗ ਦੇਣ ਪਿੱਛੋਂ ਵ੍ਹੀਲ ਚੇਅਰ ਉੱਤੇ ਬਿਠਾ ਕੇ ਦਿਲ ਵਿਚ ਸੁਰਾਖ ਹੋਣ ਦੀ ਗੱਲ ਕਹਿੰਦੇ ਹੋਏ ਭੀਖ ਮੰਗਣਾ ਸਿਖਾਇਆ ਜਾਂਦਾ ਸੀ। ਏਦਾਂ ਦਾ ਕੇਸ ਦੋ ਦਿਨ ਪਹਿਲਾਂ ਜੈਪੁਰ ਦੇ ਜਾਲੂਪੁਰਾ ਵਿਚ ਮੁਕੰਦਗੜ੍ਹ ਹਾਊਸ ਕੋਲ ਪਤਾ ਲੱਗਾ ਸੀ। ਇਕ ਬੱਚਾ ਦਿਵਿਆਂਗ ਬਣ ਕੇ ਵ੍ਹੀਲ ਚੇਅਰ ਉੱਤੇ ਬੈਠਾ ਆਪਣੇ ਦਿਲ ਵਿਚ ਸੁਰਾਖ ਹੋਣ ਦੀ ਗੱਲ ਕਹਿ ਕੇ ਭੀਖ ਮੰਗਦਾ ਸੀ। ਉਥੋਂ ਲੰਘਦੇ ਰਫੀਕ ਖ਼ਾਨ ਖੰਡੇਲਵੀ ਨੂੰ ਸ਼ੱਕ ਹੋਇਆ ਤਾਂ ਬੱਚਿਆਂ ਤੋਂ ਪੁੱਛਗਿੱਛ ਕੀਤੀ, ਜਿਸ ਪਿੱਛੋਂ ਸਾਰੇ ਕੁਝ ਦਾ ਪਰਦਾ ਫ਼ਾਸ਼ ਹੋ ਗਿਆ। ਪੁਲਿਸ ਨੇ ਦੋ ਮਾਸਟਰ ਮਾਈਂਡ ਨੂੰ ਰੇਲਵੇ ਸਟੇਸ਼ਨ ਤੋਂ ਫੜ ਲਿਆ, ਪਰ ਉਨ੍ਹਾਂ ਦੀ ਔਰਤ ਸਾਥੀ ਸਲਮਾ ਖਿਸਕ ਗਈ। ਬੱਚਿਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਤੋਂ ਜੈਪੁਰ ਲਿਆਂਦਾ ਗਿਆ ਸੀ। ਉਹ ਰੋਜ਼ ਭੀਖ ਮੰਗ ਕੇ ਮਾਸਟਰ ਮਾਈਂਡ ਨੂੰ ਦਿੰਦੇ ਸਨ। ਇਸ ਵਿਚੋਂ ਉਹ ਬੱਚਿਆਂ ਨੂੰ 30 ਰੁਪਏ ਰੋਜ਼ ਦਿੰਦਾ ਸੀ। ਪੁਲਿਸ ਦੇ ਮੁਤਾਬਕ ਸਮੀਰ ਸਹਾਰਨਪੁਰ ਦਾ ਹੈ ਤੇ ਜੈਪੁਰ ਰੇਲਵੇ ਸਟੇਸ਼ਨ ਕੋਲ ਰਹਿੰਦਾ ਹੈ। ਉਸ ਕੋਲੋਂ 10,590 ਰੁਪਏ ਦੀ ਭਾਨ, ਇਕ ਵ੍ਹੀਲ ਚੇਅਰ, ਬੈਟਰੀਆਂ, ਐਂਪਲੀਫਾਇਰ, ਵਾਈਸ ਰਿਕਾਰਡਿੰਗ ਤੇ ਸਪੀਕਰ ਮਿਲਿਆ ਹੈ। ਸਮੀਰ ਉੱਤਰ ਪ੍ਰਦੇਸ਼ ਤੋਂ ਗ਼ਰੀਬਾਂ ਦੇ ਬੱਚੇ ਜੈਪੁਰ ਲੈ ਕੇ ਆਉਂਦਾ ਅਤੇ ਉਨ੍ਹਾਂ ਨੂੰ ਰੇਲਵੇ ਸਟੇਸ਼ਨ ਜਾਂ ਆਲੇ-ਦੁਆਲੇ ਖਾਨਾਬਦੋਸ਼ ਵਾਂਗ ਰੱਖਦਾ ਸੀ। ਸਲਮਾ ਵੀ ਸਹਾਰਨਪੁਰ ਦੀ ਵਾਸੀ ਹੈ। ਸਰਵਣ ਜੈਪੁਰ ਦੇ ਹਟਵਾੜਾ ਰੋਡ ਦਾ ਵਾਸੀ ਹੈ।

# ਹਿਰਾਸਤੀ ਮੌਤ ਲਈ ਪੰਜ ਪੁਲਸ ਮੁਲਾਜ਼ਮਾਂ ਨੂੰ ਪੰਜ-ਪੰਜ ਸਾਲ ਦੀ ਕੈਦ

ਟੋਹਾਣਾ, 3 ਅਪ੍ਰੈਲ (ਪੋਸਟ ਬਿਊਰੋ)- ਰੇਲ ਮੁਸਾਫਰ ਦੇ ਖਿਲਾਫ ਝੂਠਾ ਕੇਸ ਦਰਜ ਕਰਨ ਤੇ ਪੁਲਸ ਹਿਰਾਸਤ ਵਿੱਚ ਹੋਈ ਮੁਸਾਫਰ ਦੀ ਮੌਤ ਦੇ ਕੇਸ ਦੀ ਸੁਣਵਾਈ ਦੌਰਾਨ ਵਧੀਕ ਜ਼ਿਲਾ ਸੈਸ਼ਨ ਜੱਜ ਸੰਦੀਪ ਗਰਗ ਦੀ ਅਦਾਲਤ ਨੇ ਜੀ ਆਰ ਪੀ ਚੌਕੀ ਜਾਖਲ ਦੇ ਪੰਜ ਪੁਲਸ ਮੁਲਾਜ਼ਮਾਂ ਨੂੰ ਦੋਸ਼ੀ ਕਰਾਰ ਦੇ ਕੇ ਪੰਜ-ਪੰਜ ਸਾਲ ਕੈਦ ਤੇ 12-12 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਹੈ। ਦੋਸ਼ੀਆਂ ਵਿੱਚ ਦੋ ਏ ਐਸ ਆਈ ਰਾਜਿੰਦਰ ਕੁਮਾਰ, ਸ੍ਰੀਰਾਮ, ਦੋ ਹੌਲਦਾਰ ਰਣਧੀਰ ਸਿੰਘ, ਵਿਜੈ ਸਿੰਘ ਤੇ ਸਿਪਾਹੀ ਰਾਮਭੱਟ ਸ਼ਾਮਲ ਹਨ।



ਮ੍ਰਿਤਕ ਸ਼ਮਸ਼ੇਰ ਸਿੰਘ ਦੇ ਭਰਾ ਦਲਬੀਰ ਨੇ ਟੋਹਾਣਾ ਅਦਾਲਤ ਵਿੱਚ ਨਿਆਂ ਦੇ ਲਈ ਰਿੱਟ ਪਾਈ ਸੀ, ਜਿਸ ਵਿੱਚ ਦੱਸਿਆ ਗਿਆ ਸੀ ਕਿ ਉਸ ਦਾ ਭਰਾ ਸ਼ਮਸ਼ੇਰ ਸਿੰਘ ਡੇਰਾ ਬਿਆਸ ਜਾਣ ਲਈ 15 ਮਾਰਚ 2008 ਨੂੰ ਜਾਖਲ ਤੋਂ ਗੱਡੀ ਵਿੱਚ ਸਵਾਰ ਹੋਇਆ ਸੀ। 18 ਮਈ 2008 ਨੂੰ ਜੀ ਆਰ ਪੀ ਦਾ ਥਾਣੇਦਾਰ ਰਣਧੀਰ ਸਿੰਘ ਉਨ੍ਹਾਂ ਦੇ ਪਿੰਡ ਖੱਲ ਜ਼ਿਲਾ ਜੀਂਦ ਪੁੱਜਾ ਤੇ ਉਸ ਨੇ ਦੱਸਿਆ ਕਿ ਸ਼ਮਸ਼ੇਰ ਸਿੰਘ ਦੀ ਹਾਲਤ ਖਰਾਬ ਹੈ ਤੇ ਉਹ ਪੀ ਜੀ ਆਈ ਰੋਹਤਕ ਵਿੱਚ ਦਾਖਲ ਹੈ। ਪਰਵਾਰ ਦੇ ਮੈਂਬਰ ਰੋਹਤਕ ਜਾ ਕੇ ਸ਼ਮਸ਼ੇਰ ਸਿੰਘ ਨੂੰ ਮਿਲੇ ਤਾਂ ਉਸ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਸਨ। ਉਸ ਨੇ ਦੱਸਿਆ ਸੀ ਕਿ ਪੁਲਸ ਹਿਰਾਸਤ ਵਿੱਚ ਉਸ ਨਾਲ ਕੁੱਟਮਾਰ ਹੁੰਦੀ ਰਹੀ ਹੈ। 20 ਮਈ 2008 ਨੂੰ ਸ਼ਮਸ਼ੇਰ ਸਿੰਘ ਦੀ ਮੌਤ ਹੋਣ 'ਤੇ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਨੇ ਪੁਲਸ ਹਿਰਾਸਤ ਵਿੱਚ ਮੌਤ ਲਈ ਜੀ ਆਰ ਪੀ ਚੌਕੀ ਦੇ ਪੰਜ ਪੁਲਸ ਵਾਲਿਆਂ ਉੱਤੇ ਕਤਲ ਕੇਸ ਦਰਜ ਕਰਨ ਦੀ ਹਦਾਇਤ ਕੀਤੀ ਤੇ ਮਾਮਲਾ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਚਲਾ ਗਿਆ ਸੀ। ਦਸ ਸਾਲ ਨਿਆਂ ਦੀ ਲੜਾਈ ਲੜਨ ਮਗਰੋਂ ਅਦਾਲਤ ਨੇ ਪੰਜ ਪੁਲਸ ਵਾਲਿਆਂ ਨੂੰ ਦੋਸ਼ੀ ਕਰਾਰ ਦਿੱਤਾ।

# ਪ੍ਰਧਾਨ ਮੰਤਰੀ ਦੇ ਚੋਣ ਹਲਕੇ ਵਿੱਚ ਵਿਦਿਆਰਥੀ ਦੀ ਹੱਤਿਆ

## * ਚੀਫ਼ ਪ੍ਰੋਕਟਰ ਸਮੇਤ ਸੱਤਾਂ ਉੱਤੇ ਕੇਸ ਦਰਜ

ਵਾਰਾਨਸੀ, 3 ਅਪ੍ਰੈਲ (ਪੋਸਟ ਬਿਊਰੋ)- ਬਨਾਰਸ ਹਿੰਦੂ ਯੂਨੀਵਰਸਿਟੀ ਦਾ ਐੱਮ ਸੀ ਏ ਦਾ ਵਿਦਿਆਰਥੀ ਗੌਰਵ ਸਿੰਘ ਸ਼ਾਮ ਸਾਢੇ ਚਾਰ ਵਜੇ ਬਿੜਲਾ ਹੋਸਟਲ ਵਿੱਚ ਰਹਿੰਦੇ ਦੋਸਤਾਂ ਨਾਲ ਬਿੜਲਾ ਚੌਕ ਨੇੜਲੀ ਪੁਲੀ ਕੋਲ ਗੱਲਬਾਤ ਕਰ ਰਿਹਾ ਸੀ। ਇਸ ਦੌਰਾਨ ਚਿੱਟੇ ਰੰਗ ਦੀ ਬਾਈਕ ਉੱਤੇ ਤਿੰਨ ਜਣੇ ਆਏ। ਉਨ੍ਹਾਂ ਨੂੰ ਦੇਖ ਕੇ ਗੌਰਵ ਨੂੰ ਸ਼ੱਕ ਹੋਇਆ। ਉਹ ਜਦੋਂ ਤਕ ਕੁਝ ਸਮਝਦਾ, ਇਕ ਹੋਰ ਬਾਈਕ ਉੱਤੇ ਦੋ ਜਣੇ ਆ ਗਏ ਅਤੇ ਬਾਈਕ ਸਵਾਰਾਂ ਨੇ ਪਿਸਤੌਲ ਕੱਢ ਕੇ ਗੌਰਵ ਉੱਤੇ ਅੰਨ੍ਹੇਵਾਹ ਫਾਇਰ ਕਰ ਦਿੱਤੇ। ਫਾਇਰਿੰਗ ਵਿੱਚ ਗੌਰਵ ਦੇ ਢਿੱਡ ਤੇ ਛਾਤੀ ਵਿੱਚ ਤਿੰਨ ਗੋਲੀਆਂ ਲੱਗੀਆਂ।

ਇਸ ਤੋਂ ਬਾਅਦ ਬਦਮਾਸ਼ ਕੰਪਲੈਕਸ ਦੇ ਕਾਸ਼ੀ ਵਿਸ਼ਵਨਾਥ ਮੰਦਰ ਮਾਰਗ ਵੱਲ ਭੱਜ ਗਏ। ਗੰਭੀਰ ਜ਼ਖ਼ਮੀ ਗੌਰਵ ਨੂੰ ਲੈ ਕੇ ਉਸ ਦੇ ਸਾਥੀ ਟ੍ਰਾਮਾ ਸੈਂਟਰ ਪਹੁੰਚੇ। ਆਪ੍ਰੇਸ਼ਨ ਦੌਰਾਨ ਦੇਰ ਰਾਤ ਤਕ ਡਾਕਟਰਾਂ ਨੇ ਦੋ ਗੋਲੀਆਂ ਕੱਢ ਦਿੱਤੀਆਂ, ਪਰ ਇਕ ਗੋਲੀ ਪੱਸਲੀ ਵਿੱਚ ਫਸੀ ਹੋਈ ਸੀ। ਦੇਰ ਰਾਤ ਗੌਰਵ ਨੇ ਦਮ ਤੋੜ ਦਿੱਤਾ। ਵਾਰਦਾਤ ਵਾਲੀ ਥਾਂ ਪਹੁੰਚੀ ਪੁਲਿਸ ਨੂੰ 32 ਬੋਰ ਦੇ ਦੋ ਖੋਲ ਮਿਲੇ ਸਨ। ਇਸ ਮਗਰੋਂ ਰਾਤ ਗੌਰਵ ਦੇ ਪਿਤਾ ਰਾਕੇਸ਼ ਸਿੰਘ ਦੇ ਬਿਆਨ ਉੱਤੇ ਬੀ ਐੱਚ ਯੂ ਦੇ ਚੀਫ਼ ਪ੍ਰੋਕਟਰ ਰੋਇਨਾ ਸਿੰਘ, ਆਸ਼ੂਤੋਸ਼ ਤ੍ਰਿਪਾਠੀ, ਰੁਪੇਸ਼ ਤਿਵਾੜੀ, ਕੁਮਾਰ ਮੰਗਲਮ, ਵਿਨੈ ਦਿਵੇਦੀ ਤੇ ਕੁਝ ਅਣਪਛਾਤੇ ਲੋਕਾਂ ਦੇ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।

ਇਸ ਘਟਨਾ ਤੋਂ ਬਾਅਦ ਸਵੇਰੇ ਅੰਤਿਮ ਸੰਸਕਾਰ ਵੇਲੇ ਹਰਸ਼ਚੰਦਰਾ ਘਾਟ ਉੱਤੇ ਵਿਦਿਆਰਥੀਆਂ ਨੇ ਇਕ ਲੜਕੇ ਨੂੰ ਬੁਰੀ ਤਰ੍ਹਾਂ ਕੁੱਟਿਆ, ਜਿਸ ਨਾਲ ਫਿਰ ਤਣਾਅ ਬਣ ਗਿਆ ਹੈ। ਗੌਰਵ ਨੂੰ ਗੋਲੀ ਲੱਗਣ ਪਿੱਛੋਂ ਭੜਕੇ ਵਿਦਿਆਥੀਆਂ ਨੇ ਆਪਣਾ ਗੁੱਸਾ ਚੀਫ਼ ਪ੍ਰੋਕਟਰ ਰੋਇਨਾ ਸਿੰਘ ਉੱਤੇ ਕੱਢਿਆ ਤੇ ਦੋਸ਼ ਲਾਇਆ ਕਿ ਚੀਫ਼ ਪ੍ਰੋਕਟਰ ਨੇ ਗੁੰਡੇ ਪਾਲ ਰੱਖੇ ਹਨ ਤੇ ਚੀਫ਼ ਪ੍ਰੋਕਟਰ ਦੇ ਇਸ਼ਾਰਿਆਂ ਉੱਤੇ ਬਿਰਲਾ ਹੋਸਟਲ ਵਿੱਚ ਕਦੀ ਚੈਕਿੰਗ ਨਹੀਂ ਹੁੰਦੀ। ਛੋਟੇ-ਛੋਟੇ ਮਾਮਲਿਆਂ ਉੱਤੇ ਚੀਫ਼ ਪ੍ਰੋਕਟਰ ਨੇ ਵਿਦਿਆਰਥੀਆਂ ਉੱਤੇ ਗ਼ਲਤ ਕੇਸ ਕਰ ਕੇ ਮਾਹੌਲ ਵਿਗਾੜਿਆ ਹੈ। ਗੌਰਵ ਦੇ ਸਾਥੀਆਂ ਨੇ ਕਤਲ ਵਿੱਚ ਆਸ਼ੂਤੋਸ਼ ਤ੍ਰਿਪਾਠੀ, ਵਿਨੈ ਦਿਵੇਦੀ, ਰੂਪੇਸ਼ ਤਿਵਾੜੀ, ਮੰਗਲਮ ਸਿੰਘ ਉੱਤੇ ਦੋਸ਼ ਲਾਇਆ। ਪੁਲਿਸ ਨੇ ਤੁਰੰਤ ਵਿਨੈ ਅਤੇ ਰੁਪੇਸ਼ ਨੂੰ ਹਿਰਾਸਤ ਵਿੱਚ ਲੈ ਲਿਆ। ਥੋੜ੍ਹੀ ਦੇਰ ਬਾਅਦ ਦੋ ਹੋਰ ਫਰਾਰ ਮੰਗਲਮ ਅਤੇ ਆਸ਼ੂਤੋਸ਼ ਤ੍ਰਿਪਾਠੀ ਵੀ ਫੜੇ ਗਏ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚੋਣ ਹਲਕੇ ਵਾਰਾਣਸੀ ਵਿੱਚ ਹੋਈ ਇਸ ਤਰ੍ਹਾਂ ਵਾਰਦਾਤ ਦੇ ਕਾਰਨ ਆਮ ਲੋਕਾਂ ਵਿੱਚ ਇਸ ਗੱਲ ਦੀ ਹੈਰਾਨੀ ਹੈ ਕਿ ਫਿਰ ਪੁਲਸ ਦਾ ਪ੍ਰਬੰਧ ਕਿੱਥੇ ਹੁੰਦਾ ਹੈ।

# ਅਰੁਣਾਚਲ ਪ੍ਰਦੇਸ਼ ਤੋਂ ਕੁਝ ਸਮੇਂ ਲਈ ਅਫਸਪਾ ਹਟਾਇਆ ਗਿਆ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਸੁਰੱਖਿਆ ਬਲਾਂ ਨੂੰ ਵਾਧੂ ਤਾਕਤਾਂ ਦੇਣ ਵਾਲੇ ਅਫਸਪਾ ਕਾਨੂੰਨ ਨੂੰ ਅਰੁਣਾਚਲ ਪ੍ਰਦੇਸ਼ ਦੇ ਨੌਂ ਵਿੱਚੋਂ ਤਿੰਨ ਜ਼ਿਲ੍ਹਿਆਂ ਤੋਂ ਕੁਝ ਸਮੇਂ ਲਈ ਹਟਾ ਲਿਆ ਗਿਆ ਹੈ, ਪਰ ਇਹ ਕਾਨੂੰਨ ਮਿਆਂਮਾਰ ਨਾਲ ਦੇ ਖੇਤਰ ਵਿੱਚ ਲਾਗੂ ਰਹੇਗਾ। ਇਹ ਕਦਮ ਰਾਜ ਵਿੱਚ ਕਾਨੂੰਨ ਲਾਗੂ ਹੋਣ ਤੋਂ 32 ਸਾਲ ਬਾਅਦ ਚੁੱਕਿਆ ਗਿਆ ਹੈ।

ਇਸ ਸੰਬੰਧ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ 20 ਫਰਵਰੀ 1987 ਨੂੰ ਅਰੁਣਾਚਲ ਪ੍ਰਦੇਸ਼ ਵਿੱਚ ਅਫਸਪਾ (ਆਰਮਡ ਫੋਰਸਿਜ਼ ਸਪੈਸ਼ਲ ਪਾਵਰਜ਼ ਐਕਟ) ਲਾਗੂ ਕੀਤਾ ਗਿਆ ਸੀ। ਇਹ ਕਾਨੂੰਨ ਆਸਾਮ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਮਣੀਪੁਰ ਵਿੱਚ ਪਹਿਲਾਂ ਤੋਂ ਲਾਗੂ ਸੀ। ਅਰੁਣਾਚਲ ਪ੍ਰਦੇਸ਼ ਤੋਂ ਬਾਅਦ ਮੇਘਾਲਿਆ, ਮਿਜ਼ੋਰਮ ਅਤੇ ਨਾਗਾਲੈਂਡ ਬਣਾਏ ਗਏ ਤਾਂ ਇਨ੍ਹਾਂ ਵਿੱਚ ਵੀ ਇਹ ਕਾਨੂੰਨ ਲਾਗੂ ਕਰ ਦਿੱਤਾ ਗਿਆ। ਇਸ ਬਾਰੇ ਜਸਟਿਸ ਬੀ ਪੀ ਜੀਵਨ ਰੈੱਡੀ ਕਮੇਟੀ ਨੇ ਰਾਜ ਵਿੱਚ ਅਫਸਪਾ ਕਾਨੂੰਨ ਦੀ ਸਿਫਾਰਸ਼ ਕੀਤੀ ਸੀ। ਇਸ ਕਾਨੂੰਨ ਹੇਠ ਸੁਰੱਖਿਆ ਬਲ ਕਿਸੇ ਨੂੰ ਵੀ ਗ੍ਰਿਫਤਾਰ ਕਰ ਸਕਦੇ ਹਨ ਤੇ ਕਿਸੇ ਵੀ ਥਾਂ ਛਾਪਾ ਮਾਰ ਸਕਦੇ ਹਨ। ਗ੍ਰਹਿ ਮੰਤਰਾਲੇ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਕਿਹਾ ਕਿ ਅਰੁਣਾ-ਚਲ ਪ੍ਰਦੇਸ਼ ਦੇ ਚਾਰ ਥਾਣਾ ਖੇਤਰ ਐਤਵਾਰ ਤੋਂ ਵਿਸ਼ੇਸ਼ ਕਾਨੂੰਨ ਹੇਠ ਨਹੀਂ ਹਨ। ਜਿਨ੍ਹਾਂ ਥਾਣਾ ਖੇਤਰਾਂ ਤੋਂ ਅਫਸਪਾ ਹਟਾਇਆ ਗਿਆ ਹੈ, ਉਨ੍ਹਾਂ ਵਿੱਚ ਪੱਛਮੀ ਕਾਮੇਂਗ ਜ਼ਿਲ੍ਹੇ ਦੇ ਬਾਲੇਮੂ ਤੇ ਭਾਲੁਕ ਪੋਂਗ ਥਾਣੇ, ਪੂਰਬੀ ਕਾਮੇਂਗ ਜ਼ਿਲ੍ਹੇ ਦਾ ਸੇਈਜੋਸਾ ਥਾਣਾ ਤੇ ਪਾਪੁਮਪਾਰੇ ਜ਼ਿਲ੍ਹੇ ਦਾ ਬਾਲੀਜਾਨ ਥਾਣਾ ਸ਼ਾਮਲ ਹੈ।

## ਰਾਜਸਥਾਨ ਦੇ ਗਵਰਨਰ ਕਲਿਆਣ ਸਿੰਘ ਦਾ ਬਿਆਨ ਚੋਣ ਜ਼ਾਬਤੇ ਦੀ ਉਲੰਘਣਾ ਕਰਾਰ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੇ ਗਵਰਨਰ ਕਲਿਆਣ ਸਿੰਘ ਵੱਲੋਂ ਨਰਿੰਦਰ ਮੋਦੀ ਦੇ ਮੁੜ ਕੇ ਪ੍ਰਧਾਨ ਮੰਤਰੀ ਚੁਣੇ ਜਾਣ ਬਾਰੇ ਕੀਤੀ ਟਿੱਪਣੀ ਨੂੰ ਚੋਣ ਕਮਿਸ਼ਨ ਨੇ ਜ਼ਾਬਤੇ ਦੀ ਉਲੰਘਣਾ ਮੰਨਿਆ ਹੈ।

ਜਾਣਕਾਰ ਸੂਤਰਾਂ ਮੁਤਾਬਕ ਕਿਉਂਕਿ ਕਲਿਆਨ ਸਿੰਘ ਸੰਵਿਧਾਨਕ ਅਹੁਦੇ ਉਤੇ ਹਨ, ਇਸ ਲਈ ਚੋਣ ਕਮਿਸ਼ਨ ਇਸ ਬਾਰੇ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਲਿਖੇਗਾ। ਪੈਨਲ ਮੁਤਾਬਕ ਕਲਿਆਣ ਸਿੰਘ ਦਾ ਗਵਰਨਰ ਵਾਲਾ ਅਹੁਦਾ ਸੰਵਿਧਾਨਕ ਹੈ ਅਤੇ ਸਿਆਸੀ ਦਾਇਰੇ ਤੋਂ ਬਾਹਰ ਹੈ। ਵਰਨਣ ਯੋਗ ਹੈ ਕਿ 23 ਮਾਰਚ ਨੂੰ ਆਪਣੀ ਅਲੀਗੜ੍ਹ ਰਿਹਾਇਸ਼ 'ਤੇ ਭਾਜਪਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਲਿਆਣ ਸਿੰਘ ਨੇ ਕਿਹਾ ਸੀ ਕਿ ਭਾਜਪਾ ਵਰਕਰ ਹੋਣ ਕਾਰਨ ਉਹ ਪਾਰਟੀ ਨੂੰ ਜਿੱਤਦਾ ਤੇ ਮੋਦੀ ਨੂੰ ਮੁੜ ਪ੍ਰਧਾਨ ਮੰਤਰੀ ਬਣਿਆ ਦੇਖਣਾ ਚਾਹੁੰਦੇ ਹਨ। ਉਨ੍ਹਾਂ ਨੇ ਇਹ ਬਿਆਨ ਟਿਕਟ ਦੀ ਵੰਡ ਤੋਂ ਨਿਰਾਸ਼ ਕੁਝ ਭਾਜਪਾ ਵਰਕਰਾਂ ਨੂੰ ਸ਼ਾਂਤ ਕਰਨ ਹਿੱਤ ਆਪਣੇ ਘਰ ਅੱਗੇ ਦਿੱਤਾ ਸੀ।

## ਆਪਣੀ ਲੋੜ ਸਾਬਿਤ ਕਰਨ ਦੇ ਚੱਕਰ ਵਿੱਚ ਸੁਣੇ ਜਾਂਦੇ ਹਨ ਅਰੁਣ ਜੇਤਲੀ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਅੱਜਕੱਲ੍ਹ ਸਿਹਤ ਸਮੱਸਿਆਵਾਂ ਦੇ ਕਾਰਨ ਪਾਰਲੀਮੈਂਟ ਆਮ ਚੋਣਾਂ ਵਿੱਚ ਪ੍ਰਚਾਰ, ਰੈਲੀ ਅਤੇ ਆਮ ਸਭਾਵਾਂ ਤੋਂ ਦੂਰ ਹਨ, ਪਰ ਉਹ ਪਾਰਟੀ ਦੀ ਜਿੱਤ ਲਈ ਸਭ ਤੋਂ ਵੱਧ ਕੰਮ ਕਰ ਰਹੇ ਦਿਖਾਈ ਦੇਂਦੇ ਹਨ। ਭਾਜਪਾ ਦੇ ਕਈ ਨੇਤਾਵਾਂ ਦਾ ਮੰਨਣਾ ਹੈ ਕਿ ਜੇਤਲੀ ਇਸ ਵਾਰ ਚੋਣਾਂ ਵਿੱਚ ਵੱਧ ਸਖਤ ਮਿਹਨਤ ਕਰ ਰਹੇ ਹਨ, ਜਦ ਕਿ ਪਹਿਲਾਂ ਉਹ ਅਜਿਹੇ ਨਹੀਂ ਸਨ, ਪਰ ਉਨ੍ਹਾਂ ਦੇ ਤਾਜ਼ਾ ਪ੍ਰਦਰਸ਼ਨ ਤੋਂ ਸਾਫ ਹੈ ਕਿ ਉਨ੍ਹਾਂ ਦੇ ਮਨ ਵਿੱਚ ਇੱਕ ਵੱਖਰੀ ਕਿਸਮ ਦਾ ਸ਼ੱਕ ਬੈਠ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਉਹ ਪਾਰਟੀ ਵਿੱਚ ਆਪਣੀ ਜ਼ਰੂਰਤ ਸਾਬਤ ਕਰਨ ਦੇ ਫੇਰ ਵਿੱਚ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਵੱਲੋਂ ਸੀਨੀਅਰ ਨੇਤਾਵਾਂ ਦੀ ਇੱਕ ਪੂਰੀ ਜਮਾਤ ਨੂੰ ਟਿਕਾਣੇ ਦੇਣ ਮਗਰੋਂ ਅਰੁਣ ਜੇਤਲੀ ਦੀ ਘਬਰਾਹਟ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ।



ਪਾਰਲੀਮੈਂਟ ਚੋਣਾਂ ਲਈ ਪਾਰਟੀ ਦਾ ਏਜੰਡਾ ਤੈਅ ਕਰਨ ਦੇ ਉਦੇਸ਼ ਨਾਲ ਰੋਜ਼ ਬਲਾਗ ਲਿਖਣ ਦੇ ਨਾਲ ਅਰੁਣ ਜੇਤਲੀ ਪ੍ਰੈੱਸ ਕਾਨਫਰੰਸ ਵੀ ਕਰਦੇ ਹਨ। ਉਨ੍ਹਾਂ ਦੀ ਜ਼ਰੂਰਤ ਦੀ ਤਾਜ਼ਾ ਵੰਨਗੀ ਹਾਲ ਹੀ ਵਿੱਚ ਉਨ੍ਹਾਂ ਦੇ ਹਿੰਦੀ ਭਾਸ਼ਾ ਦੇ ਵੀਡੀਓ ਬਲਾਗ ਵਿੱਚ ਨਜ਼ਰ ਆਈ ਹੈ। ਇਨ੍ਹਾਂ ਵੀਡੀਓ ਵਿੱਚ ਜੇਤਲੀ ਸੋਫੇ 'ਤੇ ਬੈਠੇ ਜਾਂ ਆਪਣੇ ਬਗੀਚੇ ਵਿੱਚ ਖੜ੍ਹੇ ਨਜ਼ਰ ਆ ਰਹੇ ਹਨ ਜਿੱਥੇ ਉਹ ਆਪਣੇ ਬਲਾਗ ਉੱਤੇ ਕੰਟੈਂਟ ਦਾ ਹਿੰਦੀ ਤਰਜਮਾ ਕਰ ਰਹੇ ਹਨ। ਇਸ ਚੋਣ ਮੌਸਮ ਨੇ ਬਿਮਾਰ ਜੇਤਲੀ ਨੂੰ ਆਰਾਮ ਦੀ ਜਗ੍ਹਾ ਕੰਮ 'ਤੇ ਲਾ ਦਿੱਤਾ ਹੈ।

## ..ਜਦ ਇਕੋ ਸੀਟ ਉੱਤੇ ਖੜੇ ਹੋ ਗਏ ਸਨ 1033 ਉਮੀਦਵਾਰ

ਨਿਜ਼ਾਮਾਬਾਦ, 3 ਅਪ੍ਰੈਲ (ਪੋਸਟ ਬਿਊਰੋ)- ਤੇਲੰਗਾਨਾ ਦੀ ਨਿਜ਼ਾਮਾਬਾਦ ਸੀਟ ਉੱਤੇ ਇਸ ਵਾਰੀ ਪਾਰਲੀਮੈਂਟ ਚੋਣਾਂ ਲੜਨ ਲਈ 185 ਉਮੀਦਵਾਰ ਖੜੇ ਹੋ ਗਏ ਹਨ ਅਤੇ ਉਨ੍ਹਾਂ ਦੀ ਗਿਣਤੀ ਵੱਧ ਹੋਣ ਕਾਰਨ ਇਥੇ ਚੋਣਾਂ ਬੈਲੇਟ ਪੇਪਰ ਦੁਆਰਾ ਕਰਵਾਇਆ ਜਾਣਗੀਆਂ। ਏਦਾਂ ਬਹੁਤ ਘੱਟ ਹੁੰਦਾ ਹੈ ਕਿ ਇਕ ਸੀਟ ਤੋਂ ਇੰਨੇ ਉਮੀਦਵਾਰ ਚੋਣ ਲੜ ਰਹੇ ਹੋਣ, ਪਰ ਇਤਿਹਾਸ ਵਿੱਚ ਇਕ ਅਜਿਹੀ ਚੋਣ ਵੀ ਹੋਈ ਸੀ, ਜਦ ਇਕ ਸੀਟ 'ਤੇ 1033 ਉਮੀਦਵਾਰਾਂ ਨੇ ਦਾਅਵੇਦਾਰੀ ਪੇਸ਼ ਕੀਤੀ ਸੀ।

ਸਾਲ 1996 ਵਿੱਚ ਤਮਿਲ ਨਾਡੂ ਵਿਧਾਨ ਸਭਾ ਚੋਣਾਂ ਵੇਲੇ ਮੋਡਾਕੁਰੀਚੀ ਸੀਟ 'ਤੇ ਚੋਣਾਂ ਲਈ ਮੈਦਾਨ ਵਿੱਚ 30-40 ਨਹੀਂ, ਸਗੋਂ 1033 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਸਨ। ਇਹ ਸੀਟ ਪ੍ਰਦੇਸ਼ ਦੇ ਝਰੋਡ ਜ਼ਿਲੇ ਦੇ ਅਧੀਨ ਆਉਂਦੀ ਹੈ। ਚੋਣ ਮੈਦਾਨ ਵਿੱਚ 1000 ਤੋਂ ਵੱਧ ਉਮੀਦਵਾਰ ਹੋਣ ਕਾਰਨ ਚੋਣ ਕਮਿਸ਼ਨ ਨੂੰ ਬੈਲੇਟ ਬਾਕਸ ਦੀ ਬਜਾਏ ਬੈਲੇਟ ਬੁੱਕ ਛਪਵਾਉਣੀ ਪਈ ਅਤੇ ਹਰ ਬੈਲੇਟ ਬੁੱਕ ਵਿੱਚ ਸਾਰੇ ਉਮੀਦਵਾਰਾਂ ਦੇ ਨਾਮ ਲਿਖੇ ਗਏ ਸਨ, ਜਿੱਥੋਂ ਵੋਟਰਾਂ ਨੂੰ ਨਾਮ ਲੱਭਣ ਵਿੱਚ ਕਾਫੀ ਮੁਸ਼ਕਿਲ ਹੋਈ ਸੀ। ਵਰਨਣ ਯੋਗ ਹੈ ਕਿ ਚੋਣ ਕਮਿਸ਼ਨ ਹਰ ਵੋਟਰ ਲਈ ਵੋਟਿੰਗ ਦੀ ਵਿਵਸਥਾ ਕਰਦਾ ਹੈ ਅਤੇ ਜਿੰਨੇ ਮਰਜ਼ੀ ਉਮੀਦਵਾਰ ਹੋਣ, ਉਨ੍ਹਾਂ ਲਈ ਪ੍ਰਬੰਧ ਕਰਦਾ ਹੈ। ਇਸ ਦੌਰਾਨ ਚੋਣ ਕਮਿਸ਼ਨ ਵੱਲੋਂ ਵੋਟਿੰਗ ਕਰਵਾਈ ਗਈ, ਪਰ ਚੋਣ ਕਮਿਸ਼ਨ ਨੇ ਚੋਣ ਤਰੀਕ ਅੱਗੇ ਵਧਾ ਦਿੱਤੀ ਅਤੇ ਜ਼ਮਾਨਤ ਰਾਸ਼ੀ ਵਿੱਚ ਵਾਧਾ ਕਰ ਦਿੱਤਾ ਸੀ।



ਫੈਡਰੇਸ਼ਨ ਆਫ ਫਾਰਮਰਸ ਐਸੋਸੀਏਸ਼ਨ ਨਾਮ ਦੀ ਸੰਸਥਾ ਦੇ ਇਕ ਵਿਰੋਧ ਕਾਰਨ ਇੰਨੇ ਲੋਕਾਂ ਨੇ ਚੋਣ ਲੜਨ ਦਾ ਫੈਸਲਾ ਕੀਤਾ ਅਤੇ ਸੰਸਥਾ ਨਾਲ ਜੁੜੇ ਲੋਕਾਂ ਨੇ ਵੱਧ ਤੋਂ ਵੱਧ ਉਮੀਦਵਾਰੀ ਦਾ ਫੈਸਲਾ ਕੀਤਾ ਸੀ ਤਾਂ ਕਿ ਸਰਕਾਰ ਦਾ ਧਿਆਨ ਉਨ੍ਹਾਂ ਵੱਲ ਖਿੱਚਿਆ ਜਾਵੇ। ਇਥੇ 1033 ਕਿਸਾਨਾਂ ਨੇ ਪਰਚੇ ਦਾਖਲ ਕਰ ਦਿੱਤੇ ਸਨ।

## ਲੇਖਕਾਂ ਵੱਲੋਂ ਨਫਰਤ ਦੀ ਸਿਆਸਤ ਖਿਲਾਫ ਵੋਟ ਕਰਨ ਦੀ ਅਪੀਲ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਸਾਲ 2015 ਵਿੱਚ ਬਿਹਾਰ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਿਵੇਂ ਲੇਖਕ ਤੇ ਕਲਾਕਾਰ 'ਅਸਹਿਣਸ਼ੀਲਤਾ' ਬਾਰੇ ਇਕਜੁੱਟ ਹੋਏ ਸਨ, ਉਸੇ ਤਰ੍ਹਾਂ ਅਗਲੀਆਂ ਪਾਰਲੀਮੈਂਟ ਚੋਣਾਂ ਤੋਂ ਪਹਿਲਾਂ ਦੇਸ਼ ਦੇ 200 ਤੋਂ ਵੱਧ ਲੇਖਕਾਂ ਨੇ ਭਾਜਪਾ ਜਾਂ ਐਨ ਡੀ ਏ ਦਾ ਨਾਂ ਲਏ ਬਿਨਾਂ 'ਨਫਰਤ ਦੀ ਸਿਆਸਤ' ਨੂੰ ਵੋਟਾਂ ਨਾਲ ਉਖਾੜ ਸੁੱਟਣ ਦੀ ਅਪੀਲ ਕੀਤੀ ਅਤੇ ਵੰਨ ਸੁਵੰਨਤਾ ਤੇ ਸਮਾਨ ਭਾਰਤ ਦੀ ਹਮਾਇਤ ਕਰਨ ਲਈ ਕਿਹਾ ਹੈ।

ਇੰਡੀਅਨ ਕਲਚਰਲ ਫੋਰਮ ਵਿੱਚ ਛਪੀ ਇਕ ਓਪਨ ਲੈਟਰ ਵਿੱਚ ਗਿਰੀਸ਼ ਕਰਨਾਡ, ਅਰੁੰਧਤੀ ਰਾਏ, ਅਮਿਤਾਵ ਘੋਸ਼, ਨੈਣਤਾਰਾ ਸਹਿਗਲ ਤੇ ਰੋਮਿਲਾ ਥਾਪਰ ਜਿਹੇ ਲੇਖਕਾਂ ਨੇ ਕਿਹਾ ਹੈ ਕਿ ਦੇਸ਼ ਨੂੰ ਵੰਡਣ ਲਈ ਨਫਰਤ ਦੀ ਸਿਆਸਤ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਡਰ ਪੈਦਾ ਕੀਤਾ ਜਾ ਰਿਹਾ ਹੈ ਤੇ ਵੱਧ ਤੋਂ ਵੱਧ ਲੋਕਾਂ ਨੂੰ ਪੂਰਨ ਨਾਗਰਿਕ ਦੇ ਦਰਜੇ ਤੋਂ ਬਾਹਰ ਕੀਤਾ ਜਾ ਰਿਹਾ ਹੈ। ਕੱਲ੍ਹ ਜਾਰੀ ਇਸ ਬਿਆਨ ਮੁਤਾਬਕ ਸੱਤਾ ਖਿਲਾਫ ਜੋ ਵੀ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਝੂਠੇ ਅਤੇ ਅਜੀਬੋ ਗਰੀਬ ਦੋਸ਼ਾਂ 'ਚ ਸ਼ੋਸ਼ਣ ਜਾਂ ਗ੍ਰਿਫਤਾਰੀ ਦਾ ਡਰ ਸਤਾਉਣ ਲੱਗਦਾ ਹੈ। ਅਸੀਂ ਸਾਰੇ ਇਸ ਸਥਿਤੀ ਨੂੰ ਬਦਲਣਾ ਚਾਹੁੰਦੇ ਹਾਂ। ਇਸ ਦੇ ਲਈ ਪਹਿਲਾ ਕਦਮ ਹੈ ਕਿ ਵੋਟ ਕਰਕੇ ਨਫਰਤ ਦੀ ਸਿਆਸਤ ਨੂੰ ਬਾਹਰ ਕੱਢ ਸੁੱਟੋ। ਇਸ ਲਈ ਅਸੀਂ ਸਾਰੇ ਨਾਗਰਿਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਵੰਨ ਸੁਵੰਨੇ ਤੇ ਸਮਾਨ ਭਾਰਤ ਲਈ ਮਤਦਾਨ ਕਰਨ। ਇਸ ਪੱਤਰ ਮੁਤਾ-ਬਕ ਦੇਸ਼ ਇਸ ਸਮੇਂ ਚੋਣਾਂ ਨੂੰ ਲੈ ਕੇ ਦੁਰਾਹੇ 'ਤੇ ਹੈ। ਸੰਵਿਧਾਨ 'ਚ ਨਾਗਰਿਕਾਂ ਨੂੰ ਬਰਾਬਰ ਅਧਿਕਾਰ ਦੀ ਗਾਰੰਟੀ ਦਿੱਤੀ ਗਈ ਹੈ। ਆਪਣੀ ਇੱਛਾ ਮੁਤਾਬਕ ਜਿਉਣ, ਬਿਆਨ ਕਰਨ ਦੀ ਆਜ਼ਾਦੀ ਅਤੇ ਵਿਰੋਧ ਦਾ ਅਧਿਕਾਰ ਕਾਇਮ ਰਹਿਣਾ ਚਾਹੀਦਾ ਹੈ।

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed

Kanwaljit S. Dhunna
Mortgage broker
416.301.1976
Email: kdhunna62@gmail.com
Lic # 11992 FSCO # M08002472

■ 1st & 2nd Mortgages
■ Refinancing & Renewal
■ Line of Credit
■ Debt Consolidation
■ Self Employed
■ Truck Loan
■ Equipment Leasing
■ Bad Credit
5 CHERRYCREST DR. #206 BRAMPTON L6P 3W4

NEED A LAWYER ??
KAUR LAW OFFICE
Red Seal NOTARY

MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization

BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

UPPAL LAW

Avtar Uppal
Manager
FREE CONSULTATION !

Aman Uppal
BARRISTER, SOLICITOR
IMMIGRATION SERVICES:
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

## ਪਾਕਿਸਤਾਨ ਸਰਕਾਰ ਵੱਲੋਂ ਦੇਸ਼-ਵਿਦੇਸ਼ ਵਿੱਚ ਨਿੱਜੀ ਜਾਇਦਾਦਾਂ ਦੀ 'ਆਮ ਮੁਆਫੀ ਯੋਜਨਾ'

ਇਸਲਾਮਾਬਾਦ, 3 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਵਿਚ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਸਰਕਾਰ ਦੇਸ਼ ਅਤੇ ਵਿਦੇਸ਼ ਵਿਚਲੇ ਆਪਣੇ ਨਾਗਰਿਕਾਂ ਦੀਆਂ ਨਿੱਜੀ ਜਾਇਦਾਦਾਂ ਦੇ ਐਲਾਨ ਲਈ ਆਮ ਮੁਆਫੀ ਯੋਜਨਾ ਲਿਆਵੇਗੀ। ਇਸ ਸੰਬੰਧ ਵਿੱਚ ਵਿੱਤ ਮੰਤਰੀ ਅਸਦ ਉਮਰ ਨੇ ਕਿਹਾ ਕਿ ਉਦਯੋਗ ਜਗਤ ਆਮ ਮੁਆਫੀ ਯੋਜਨਾ ਦੀ ਮੰਗ ਕਰ ਰਿਹਾ ਸੀ ਤੇ ਇਸ ਯੋਜਨਾ ਲਈ ਰੂਪਰੇਖਾ ਬਣਾਈ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਬਜਟ ਤੋਂ ਪਹਿਲਾਂ ਦੇਸ਼ ਅਤੇ ਵਿਦੇਸ਼ ਵਿਚ ਨਿੱਜੀ ਜਾਇਦਾਦ ਦਾ ਐਲਾਨ ਕਰਨ ਲਈ ਸਰਕਾਰ ਨਵੀਂ ਆਮ ਮੁਆਫੀ ਯੋਜਨਾ ਆਵੇਗੀ।

ਉਮਰ ਨੇ ਕਿਹਾ ਕਿ ਸਾਰੇ ਫੈਸਲੇ ਦੇਸ਼ ਦੀ ਅਰਥ ਵਿਵਸਥਾ ਦਾ ਧਿਆਨ ਰੱਖ ਕੇ ਹੋ ਰਹੇ ਹਨ। ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਵਿਚ ਪਾਕਿਸਤਾਨ ਸਟੀਲ ਮਿੱਲਜ਼ ਦੀ ਵਿੱਤੀ ਹਾਲਤ ਫਿਰ ਮਜ਼ਬੂਤ ਕਰਨ ਦੇ ਸਵਾਲ ਉੱਤੇ ਕਿਹਾ ਕਿ ਅਗਲੇ ਸੋਮਵਾਰ ਹੋਣ ਵਾਲੀ ਆਰਥਿਕ ਤਾਲਮੇਲ ਕਮੇਟੀ (ਈ ਸੀ ਸੀ) ਦੀ ਬੈਠਕ ਵਿਚ ਇਸ ਦੀ ਯੋਜਨਾ ਰੱਖੀ ਜਾਵੇਗੀ। ਪਾਕਿਸਤਾਨ ਦੀ ਸਰਕਾਰੀ ਜਹਾਜ਼ ਸੇਵਾ ਪਾਕਿਸਤਾਨ ਇੰਟਰਨੈਸ਼ਨਲ ਏਅਰਲਾਈਨਜ਼ (ਪੀ ਆਈ ਏ) ਦੀ ਸਥਿਤੀ ਫਿਰ ਮਜ਼ਬੂਤ ਕਰਨ ਦੀ ਪ੍ਰਸਤਾਵਿਤ ਯੋਜਨਾ ਦੇ ਬਾਰੇ ਉਮਰ ਨੇ ਕਿਹਾ ਕਿ ਇਸ ਦਾ ਅਧਿਐਨ ਕੀਤਾ ਗਿਆ ਹੈ। ਯੋਜਨਾ ਵਿਚ ਕੁਝ ਤਬਦੀਲੀਆਂ ਦੇ ਸੁਝਾਅ ਦਿੱਤੇ ਗਏ ਹਨ। ਉਨ੍ਹਾਂ ਕਿਹਾ, 'ਨਵੀਂ ਯੋਜਨਾ ਦਾ ਡਰਾਫਟ ਤਿਆਰ ਕਰਨ ਵਿਚ ਕੁਝ ਸਮਾਂ ਲੱਗੇਗਾ।' ਦੇਸ਼ ਵਿਚ ਬਿਜਲੀ ਕੀਮਤਾਂ ਮਿਥਣ ਬਾਰੇ ਵਿੱਤ ਮੰਤਰੀ ਨੇ ਕਿਹਾ ਕਿ ਇਸ ਨੂੰ ਨੈਸ਼ਨਲ ਇਲੈਕਟ੍ਰਿਕ ਪਾਵਰ ਰੈਗੁਲੇਟਰੀ ਅਥਾਰਿਟੀ (ਐੱਨ ਈ ਪੀ ਆਰ) ਤੈਅ ਕਰਦੀ ਹੈ ਅਤੇ ਇਹ ਕੰਮ ਹਾਲੇ ਰੈਗੁਲੇਟਰੀ ਦੇ ਹਿੱਸੇ ਹੈ।

# ਚੀਨ ਦੇ ਸਿਲਕ ਰੂਟ ਸੰਮੇਲਨ ਦਾ ਅਮਰੀਕਾ ਵੱਲੋਂ ਵੀ ਬਾਈਕਾਟ

ਵਾਸ਼ਿੰਗਟਨ, 3 ਅਪ੍ਰੈਲ (ਪੋਸਟ ਬਿਊਰੋ)- ਚੀਨ ਦੇ ਪ੍ਰਾਚੀਨ ਸਿਲਕ ਰੂਟ ਨਾਲ ਜੁੜੇ ਦੂਜੇ ਬੈਲਟ ਐਂਡ ਰੋਡ ਫੋਰਮ ਦਾ ਅਮਰੀਕਾ ਨੇ ਬਾਈਕਾਟ ਕਰ ਦਿੱਤਾ ਹੈ। ਅਮਰੀਕੀ ਵਿਦੇਸ਼ੀ ਮੰਤਰਾਲਾ ਦੇ ਬੁਲਾਰੇ ਰਾਬਰਡ ਪਲਾਡਿਨੋ ਨੇ ਕਿਹਾ ਕਿ ਇਸ ਮਹੀਨੇ ਬੀਜਿੰਗ ਵਿੱਚ ਹੋਣ ਵਾਲੇ ਸੰਮੇਲਨ ਵਿੱਚ ਕੋਈ ਉੱਚ ਪੱਧਰੀ ਅਧਿਕਾਰੀ ਨਹੀਂ ਭੇਜਿਆ ਜਾਵੇਗਾ।

ਬੈਲਟ ਐਂਡ ਰੋਡ ਇਨੀਸ਼ੀਏਟਿਵ (ਬੀ ਆਰ ਆਈ) ਨਾਲ ਜੁੜੀ ਚੀਨ ਦੀ ਵਿੱਤੀ ਨੀਤੀ ਉੱਤੇ ਸਵਾਲ ਕਰਦੇ ਹੋਏ ਅਮਰੀਕਾ ਨੇ ਇਹ ਫ਼ੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਚੀਨ ਦੇ ਇਸ ਪ੍ਰੋਜੈਕਟ ਨੂੰ ਅਮਰੀਕਾ ਕਈ ਦੇਸ਼ਾਂ ਦੀ ਸੁਰੱਖਿਆ ਲਈ ਖ਼ਤਰਾ ਕਹਿ ਚੁੱਕਾ ਹੈ। ਉਸ ਅਨੁਸਾਰ ਚੀਨ ਆਪਣੀ ਇਸ ਯੋਜਨਾ ਨਾਲ ਛੋਟੇ ਦੇਸ਼ਾਂ ਉੱਤੇ ਕਰਜ਼ਾ ਬੋਝ ਲੱਦ ਰਿਹਾ ਹੈ। ਚੀਨ ਦਾ ਕਹਿਣਾ ਹੈ ਕਿ ਉਸ ਦਾ ਇਹ ਪ੍ਰੋਜੈਕਟ ਏਸ਼ੀਆਈ, ਅਫ਼ਰੀਕੀ ਤੇ ਯੂਰਪੀ ਦੇਸ਼ਾਂ ਦੇ ਸੰਪਰਕ ਅਤੇ ਸਹਿਯੋਗ ਬਿਹਤਰ ਕਰਨ ਉੱਤੇ ਕੇਂਦਰਿਤ ਹੈ। ਇਸੇ ਹੇਠ ਬਣ ਰਹੇ ਚੀਨ-ਪਾਕਿ-ਸਤਾਨ ਆਰਥਿਕ ਗਲਿਆਰੇ (ਸੀ ਪੀ ਈ ਸੀ) ਉੱਤੇ ਭਾਰਤ ਵੀ ਇਤਰਾਜ ਕਰ ਚੁੱਕਾ ਹੈ, ਕਿਉਂਕਿ ਇਹ ਗਲਿਆਰਾ ਪਾਕਿ ਕਬਜ਼ੇ ਵਾਲੇ ਕਸ਼ਮੀਰ ਤੋਂ ਹੋ ਕੇ ਲੰਘਦਾ ਹੈ। ਸਾਲ 2017 ਵਿੱਚ ਹੋਏ ਪਹਿਲੇ ਬੈਲਟ ਐਂਡ ਰੋਡ ਫੋਰਮ ਵਿੱਚ ਅਮਰੀਕਾ ਦੇ ਏਸ਼ੀਆਈ ਮਾਮਲਿਆਂ ਦੇ ਸੀਨੀਅਰ ਅਧਿਕਾਰੀ ਮੈਟ ਪੋਟਿੰਗਰ ਸ਼ਾਮਲ ਹੋਏ ਸਨ। ਇਸ ਵਾਰੀ ਚਰਚਾ ਸੀ ਕਿ ਸੰਮੇਲਨ ਦੀ ਜਾਣਕਾਰੀ ਜੁਟਾਉਣ ਲਈ ਅਮਰੀਕਾ ਹੇਠਲੇ ਪੱਧਰ ਦੇ ਕਿਸੇ ਅਧਿਕਾਰੀ ਨੂੰ ਭੇਜ ਸਕਦਾ ਹੈ, ਪਰ ਉਹ ਅਧਿਕਾਰਿਕ ਰੂਪ ਨਾਲ ਇਸ ਦਾ ਹਿੱਸਾ ਨਹੀਂ ਹੋਣਗੇ। ਪਲਾਡਿਨੋ ਨੇ ਕਿਹਾ, 'ਅਸੀਂ ਇਸ ਪ੍ਰੋਜੈਕਟ ਨਾਲ ਜੁੜੀ ਵਿੱਤੀ ਨੀਤੀ ਤੇ ਖ਼ਰਾਬ ਪ੍ਰਸ਼ਾਸਨ ਉੱਤੇ ਸਵਾਲ ਚੁੱਕਣਾ ਜਾਰੀ ਰੱਖਾਂਗੇ। ਇਹ ਪ੍ਰੋਜੈਕਟ ਸਮੁੱਚੇ ਵਿਕਾਸ ਨਾਲ ਜੁੜੇ ਕੌਮਾਂਤਰੀ ਮਾਪਦੰਡਾਂ ਦਾ ਉਲੰਘਣ ਕਰ ਰਿਹਾ ਹੈ।'


*ਅਮਰੀਕੀ ਵਿਦੇਸ਼ੀ ਮੰਤਰਾਲਾ ਦੇ ਬੁਲਾਰੇ ਰਾਬਰਡ ਪਲਾਡਿਨੋ*

# ਮਰੀ ਹੋਈ ਵ੍ਹੇਲ ਮੱਛੀ ਦੇ ਪੇਟ ਵਿੱਚੋਂ 22 ਕਿਲੋ ਪਲਾਸਟਿਕ ਕੂੜਾ ਨਿਕਲਿਆ

ਮਿਲਾਨ, 3 ਅਪ੍ਰੈਲ (ਪੋਸਟ ਬਿਊਰੋ)- ਇਟਲੀ ਦੇ ਸਾਰਡੀਨਿਆ ਸਮੁੰਦਰ ਤੱਟ ਉੱਤੇ ਮਰੀ ਮਿਲੀ ਅੱਠ ਮੀਟਰ ਲੰਬੀ ਵ੍ਹੇਲ ਮੱਛੀ ਦੇ ਪੇਟ ਵਿੱਚੋਂ 22 ਕਿਲੋ ਪਲਾਸਟਿਕ ਕੂੜਾ ਮਿਲਿਆ ਹੈ। ਇਸ ਦੇ ਬਾਅਦ ਵਲਰਡ ਵਾਈਲਡ ਲਾਈਫ ਫਾਊਂਡੇਸ਼ਨ (ਡਬਲਯੂ ਡਬਲਯੂ ਐਫ) ਨੇ ਭੂ-ਮੱਧ ਸਾਗਰ ਵਿੱਚ ਪਲਾਸਟਿਕ ਕਚਰੇ ਦੇ ਕਾਰਨ ਪੈਦਾ ਹੋ ਰਹੇ ਗੰਭੀਰ ਖਤਰੇ ਨੂੰ ਲੈ ਕੇ ਚੇਤਾਵਨੀ ਜਾਰੀ ਕੀਤੀ ਹੈ।



ਸਮੁੰਦਰੀ ਵਾਤਾਵਰਨ ਲਈ ਕੰਮ ਕਰਦੇ ਇਕ ਗਰੁੱਪ ਨੇ ਦੱਸਿਆ ਕਿ ਵ੍ਹੇਲ ਦੇ ਪੇਟ ਤੋਂ ਬਰਾਮਦ ਪਲਾ-ਸਟਿਕ ਦੇ ਸਾਮਾਨ ਵਿੱਚ ਬਿਜਲੀ ਨਾਲ ਸਬੰਧਤ ਕਾਰਜਾਂ ਵਿੱਚ ਵਰਤੀ ਜਾਣ ਵਾਲੀ ਨਾਲੀ (ਟਿਊਬ), ਪਲੇਟੇਂ, ਸ਼ਾਪਿੰਗ ਬੈਗਸ, ਮੱਛੀ ਫੜਨ ਦਾ ਜਾਲ ਤੇ ਡਿਟਰਜੈਂਟ ਪਾਊਡਰ ਦਾ ਕਵਰ ਸ਼ਾਮਲ ਹੈ। ਇਹ ਮਾਦਾ ਵ੍ਹੇਲ ਪਿਛਲੇ ਹਫਤੇ ਡਾੱਲਫਿਨ ਅਤੇ ਵ੍ਹੇਲ ਮੱਛੀਆਂ ਦੀ ਜੰਨਤ ਕਹਾਉਂਦੀ ਪੈਲਾਗੋਸ ਮਰੀਨ ਸੈਂਕਚੁਰੀ ਦੇ ਉਤਰੀ ਤੱਟ 'ਤੋਂ ਮਿਲੀ ਸੀ। ਡਬਲਯੂ ਡਬਲਯੂ ਐਫ ਨੇ ਇਸ ਬਾਰੇ ਵਿੱਚ ਕਿਹਾ ਕਿ ਸਮੁੰਦਰੀ ਜੀਵਨ ਲਈ ਪਲਾਸਟਿਕ ਸਭ ਤੋਂ ਵੱਡਾ ਖਤਰਾ ਬਣ ਗਿਆ ਹੈ ਅਤੇ ਪਿਛਲੇ ਦੋ ਸਾਲਾਂ ਵਿੱਚ ਇਸ ਦੇ ਕਾਰਨ ਯੂਰਪ ਤੋਂ ਏਸ਼ੀਆ ਤੱਕ ਪੰਜ ਹੋਰ ਵ੍ਹੇਲ ਮੱਛੀਆਂ ਦੀ ਮੌਤ ਹੋ ਚੁੱਕੀ ਹੈ।

## ਬ੍ਰੈਗਜ਼ਿਟ ਦੀਆਂ ਬਦਲਵੀਆਂ ਯੋਜਨਾਵਾਂ ਵਿਰੁੱਧ ਵੀ ਵੋਟਾਂ ਪਈਆਂ

ਲੰਡਨ, 3 ਅਪ੍ਰੈਲ (ਪੋਸਟ ਬਿਊਰੋ)- ਬ੍ਰਿਟੇਨ ਦੇ ਪਾਰਲੀਮੈਂਟ ਮੈਂਬਰਾਂ ਨੇ ਯੂਰਪੀ ਯੂਨੀਅਨ ਦੇ ਨਾਲ ਸਰਕਾਰ ਦੇ ਤਿੰਨ ਸਮਝੌਤਿਆਂ ਨੂੰ ਰੱਦ ਕਰਨ ਦੇ ਬਾਅਦ ਬੀਤੇ ਦਿਨ ਬ੍ਰੈਗਜ਼ਿਟ ਲਈ ਚਾਰ ਸੰਭਾਵਿਤ ਬਦਲਵੀਆਂ ਯੋਜਨਾਵਾਂ ਵਿਰੁੱਧ ਵੋਟ ਕੀਤੀ ਹੈ। ਯੂਰਪੀ ਯੂਨੀਅਨ ਤੋਂ ਬਾਹਰ ਹੋਣ ਪਿੱਛੋਂ ਮਜ਼ਬੂਤ ਆਰਥਿਕ ਸੰਬੰਧ ਬਣਾਏ ਰੱਖਣ, ਦੂਜਾ ਜਨਮਤ ਕਰਾਉਣ ਜਾਂ ਬਿਨਾਂ ਕਿਸੇ ਸਮਝੌਤੇ ਦੇ ਬ੍ਰੈਗਜ਼ਿਟ ਨੂੰ ਰੋਕਣ ਵਿੱਚੋਂ ਕਿਸੇ ਵੀ ਮਤੇ ਨੂੰ ਬਹੁਮਤ ਨਹੀਂ ਮਿਲ ਸਕਿਆ।



ਇਸ ਦੌਰਾਨ ਦੂਸਰਾ ਰਿਫਰੈਂਡਮ ਕਰਾਉਣ ਦੇ ਸਮਰਥਨ ਵਿੱਚ ਸਭ ਤੋਂ ਵੱਧ 280 ਵੋਟ ਪਏ, ਪਰ ਇਸ ਦੇ ਵਿਰੁੱਧ ਵੀ 292 ਵੋਟ ਪਾਏ ਗਏ। ਇਸ ਦੇ ਬਾਅਦ ਯੂਰਪੀ ਯੂਨੀਅਨ ਵਿੱਚ ਬਣੇ ਰਹਿਣ ਦੇ ਮਤੇ ਦੇ ਪੱਖ ਵਿੱਚ ਦੂਜੇ ਸਭ ਤੋਂ ਵੱਧ 273 ਵੋਟ ਪਏ, ਪਰ ਇਸ ਵਿਰੁੱਧ 276 ਵੋਟ ਪੈਣ ਨਾਲ ਇਸ ਨੂੰ ਵੀ ਬਹੁਮਤ ਨਹੀਂ ਮਿਲ ਸਕਿਆ।

ਵੋਟਿੰਗ ਦੇ ਬਾਅਦ ਸਰਕਾਰ ਨੇ ਕਿਹਾ ਕਿ ਨਤੀਜੇ ਦੱਸਦੇ ਹਨ ਕਿ ਉਸ ਦੀ ਯੋਜਨਾ ਸਭ ਤੋਂ ਵਧੀਆ ਸੀ ਅਤੇ ਇਸ ਗੱਲ ਦਾ ਸੰਕੇਤ ਦਿੱਤਾ ਕਿ ਇਸ ਨੂੰ ਇੱਕ ਵਾਰ ਫਿਰ ਇਸ ਹਫਤੇ ਪਾਰਲੀਮੈਂਟ ਅੱਗੇ ਰੱਖਿਆ ਜਾ ਸਕਦਾ ਹੈ। ਬ੍ਰੈਗਜ਼ਿਟ ਮੰਤਰੀ ਸਟੀਫਨ ਬਾਰਕਲੇ ਨੇ ਵੋਟਿੰਗ ਦੇ ਬਾਅਦ ਪਾਰਲੀਮੈਂਟ ਮੈਂਬਰਾਂ ਨੂੰ ਕਿਹਾ ਕਿ ਪਾਰਲੀਮੈਂਟ ਇੱਕ ਵਾਰ ਫਿਰ ਕਿਸੇ ਵੀ ਮਤੇ 'ਤੇ ਬਹੁਮਤ ਹਾਸਲ ਕਰਨ ਵਿੱਚ ਅਸਫਲ ਰਹੀ ਹੈ। ਉਨ੍ਹਾਂ ਨੇ ਕਿਹਾ, ਸੁਭਾਵਿਕ ਕਾਨੂੰਨੀ ਸਥਿਤੀ ਇਹ ਹੈ ਕਿ ਬ੍ਰਿਟੇਨ ਬਿਨਾਂ ਕਿਸੇ ਸਮਝੌਤੇ ਦੇ ਯੂਰਪੀ ਯੂਨੀਅਨ ਤੋਂ ਸਿਰਫ 11 ਦਿਨਾਂ ਦੇ ਅੰਦਰ ਬਾਹਰ ਹੋ ਜਾਵੇਗਾ। ਬਾਰਕਲੇ ਨੇ ਦੱਸਿਆ ਕਿ 12 ਅਪ੍ਰੈਲ ਨੂੰ ਬਿਨਾਂ ਸਮਝੌਤੇ ਦੇ ਬਾਹਰ ਨਿਕਲਣ ਦਾ ਬਦਲ ਇੱਕ ਲੰਬਾ ਵਿਸਥਾਰ ਹੋਵੇਗਾ ਜਿਸ ਦਾ ਮਤਲਬ ਹੈ ਕਿ ਯੂਰਪੀ ਸੰਸਦੀ ਚੋਣਾਂ ਕਰਵਾਉਣੀਆਂ ਪੈਣਗੀਆਂ।

# ਕੇਸ ਠੰਢਾ ਕਰਨ ਲਈ ਖਸ਼ੋਗੀ ਦੇ ਬੱਚਿਆਂ ਨੂੰ ਮਿਲਦੇ ਨੇ ਹਜ਼ਾਰਾਂ ਡਾਲਰ

ਵਾਸ਼ਿੰਗਟਨ, 3 ਅਪ੍ਰੈਲ (ਪੋਸਟ ਬਿਊਰੋ)- ਅਮਰੀਕੀ ਅਖਬਾਰ ਵਾਸ਼ਿੰਗਟਨ ਪੋਸਟ ਦਾ ਕਹਿਣਾ ਹੈ ਕਿ ਸਾਊਦੀ ਅਰਬ ਦੀ ਸਰਕਾਰ ਨੇ ਪੱਤਰਕਾਰ ਜਮਾਲ ਖਸ਼ੋਗੀ ਦੇ ਧੀਆਂ ਪੁੱਤਰਾਂ ਨੂੰ ਲੱਖਾਂ ਡਾਲਰ ਦੇ ਘਰ ਦਿੱਤੇ ਅਤੇ ਪਿਤਾ ਦੀ ਮੌਤ ਲਈ ਮੁਆਵਜ਼ੇ ਵਜੋਂ ਉਨ੍ਹਾਂ ਨੂੰ ਸਾਊਦੀ ਸਰਕਾਰ ਤੋਂ ਹਰ ਮਹੀਨੇ ਹਜ਼ਾਰਾਂ ਡਾਲਰ ਦਿੱਤੇ ਜਾ ਰਹੇ ਹਨ।

ਵਰਨਣ ਯੋਗ ਹੈ ਕਿ ਖਸ਼ੋਗੀ ਦੀ ਪਿਛਲੇ ਸਾਲ ਦੋ ਅਕਤੂਬਰ ਨੂੰ ਤੁਰਕੀ ਦੀ ਰਾਜਧਾਨੀ ਇਸਤਾਂਬੁਲ ਦੇ ਸਾਊਦੀ ਅਰਬ ਦੇ ਵਪਾਰ ਦੂਤਘਰ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਇਹ ਕਤਲ ਰਿਆਧ ਤੋਂ ਭੇਜੇ ਗਏ 15 ਏਜੰਟਾਂ ਨੇ ਕੀਤਾ ਸੀ। ਵਾਸ਼ਿੰਗਟਨ ਪੋਸਟ ਅਨੁਸਾਰ ਖਸ਼ੋਗੀ ਦੇ ਧੀਆਂ ਪੁੱਤਰਾਂ ਨੂੰ ਮੁਆਵਜ਼ਾ ਇਸ ਲਈ ਦਿੱਤਾ ਜਾਂਦਾ ਹੈ ਕਿ ਉਹ ਇਸ ਕੇਸ ਵਿੱਚ ਸਰਕਾਰ ਦੇ ਹੱਕ 'ਚ ਬਿਆਨ ਦੇਣ। ਖਸ਼ੋਗੀ ਦੇ ਦੋ ਪੁੱਤਰ ਅਤੇ ਦੋ ਧੀਆਂ ਹਨ। ਉਨ੍ਹਾਂ ਨੂੰ ਜੇਦਾਹ ਵਿੱਚ ਦਿੱਤੇ ਗਏ ਘਰ ਦੀ ਕੀਮਤ 40 ਲੱਖ ਡਾਲਰ (ਕਰੀਬ 27 ਕਰੋੜ ਰੁਪਏ) ਦੱਸੀ ਜਾ ਰਹੀ ਹੈ। ਖਸ਼ੋਗੀ ਦਾ ਵੱਡਾ ਪੁੱਤਰ ਸਾਲੇਹ ਸਾਊਦੀ ਅਰਬ ਵਿੱਚ ਰਹਿੰਦਾ ਹੈ, ਹੋਰ ਤਿੰਨ ਅਮਰੀਕਾ ਵਿੱਚ ਹਨ। ਖਸ਼ੋਗੀ ਦੇ ਬੱਚਿਆਂ ਨੇ ਅਜੇ ਤੱਕ ਸਾਊਦੀ ਸਰਕਾਰ ਖਿਲਾਫ ਕੋਈ ਬਿਆਨ ਨਹੀਂ ਦਿੱਤਾ ਹੈ।

ਵਾਸ਼ਿੰਗਟਨ ਪੋਸਟ ਦੇ ਕਾਲਮ ਨਵੀਸ ਅਤੇ ਸਾਊਦੀ ਅਰਬ ਦੇ ਕਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਦੇ ਆਲੋਚਕ ਖਸ਼ੋਗੀ ਦੀ ਲਾਸ਼ ਅਜੇ ਤੱਕ ਬਰਾਮਦ ਨਹੀਂ ਕੀਤੀ ਜਾ ਸਕੀ। ਸ਼ੁਰੂ ਵਿੱਚ ਸਾਊਦੀ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਉਸ ਨੂੰ ਇਸ ਹੱਤਿਆ ਕਾਂਡ ਦੀ ਕੋਈ ਜਾਣਕਾਰੀ ਨਹੀਂ, ਬਾਅਦ ਵਿੱਚ ਉਸ ਨੇ ਆਪਣੇ ਦੂਤਘਰ ਵਿੱਚ ਖਸ਼ੋਗੀ ਦੀ ਹੱਤਿਆ ਕੀਤੇ ਜਾਣ ਦੀ ਗੱਲ ਕਬੂਲਦੇ ਹੋਏ 11 ਲੋਕਾਂ ਖਿਲਾਫ ਹੱਤਿਆ ਦਾ ਕੇਸ ਦਰਜ ਕੀਤਾ ਸੀ। ਕਈ ਮੀਡੀਆ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਪ੍ਰਿੰਸ ਦੀ ਇਜਾਜ਼ਤ 'ਤੇ ਹੀ ਇਸ ਹੱਤਿਆ ਕਾਂਡ ਨੂੰ ਅੰਜਾਮ ਦਿੱਤਾ ਗਿਆ, ਪ੍ਰੰਤੂ ਸਾਊਦੀ ਸਰਕਾਰ ਇਸ ਤੋਂ ਇਨਕਾਰ ਕਰ ਰਹੀ ਹੈ।



*ਪਿਛਲੇ ਸਾਲ ਦੋ ਅਕਤੂਬਰ ਨੂੰ ਇਸਤਾਂਬੁਲ ਦੇ ਸਾਊਦੀ ਅਰਬ ਦੇ ਵਪਾਰ ਦੂਤਘਰ ਵਿੱਚ ਖਸ਼ੋਗੀ ਦੀ ਹੱਤਿਆ ਕਰ ਦਿੱਤੀ ਗਈ ਸੀ।*

## ਕਿਰਪਾਨ ਪਹਿਨਣ ਕਾਰਨ ਇਟਲੀ 'ਚ ਸਿੱਖ ਜੋੜੇ 'ਤੇ ਕੇਸ ਦਰਜ

ਵੀਨਸ (ਇਟਲੀ), 3 ਅਪ੍ਰੈਲ (ਪੋਸਟ ਬਿਊਰੋ)- ਇਟਲੀ ਦੀ ਵਿਚੈਂਸਾ ਪੁਲਸ ਨੇ ਇਥੇ ਇਕ ਸਿੱਖ ਜੋੜੇ 'ਤੇ ਕਿਰਪਾਨ ਪਹਿਨੀ ਰੱਖਣ 'ਤੇ ਕੇਸ ਦਰਜ ਕਰ ਦਿੱਤਾ ਹੈ। ਵਰਨਣ ਯੋਗ ਹੈ ਕਿ ਇਹ ਅੰਮ੍ਰਿਤਧਾਰੀ ਸਿੱਖ ਜੋੜਾ ਪਿਛਲੇ ਕੁਝ ਸਾਲਾਂ ਤੋਂ ਹਮੇਸ਼ਾ ਕਿਰਪਾਨ ਪਹਿਨ ਕੇ ਰੱਖਦਾ ਸੀ।

ਮਿਲੀ ਜਾਣਕਾਰੀ ਅਨੁਸਾਰ ਵਿਚੈਂਸਾ ਜ਼ਿਲੇ ਦੇ ਮਤੋਰਸੋ ਵਿਚਨਤੇਨਾ ਕਸਬੇ ਦੇ ਵਾਸੀ ਸਤਨਾਮ ਸਿੰਘ ਮੁਲਤਾਨੀ ਜਦੋਂ ਆਪਣੀ ਪਤਨੀ ਸਿਮਰਜੀਤ ਕੌਰ ਮੁਲਤਾਨੀ ਨੂੰ ਇਲਾਜ ਕਰਾਉਣ ਲਈ ਇਟਲੀ ਦੇ ਵਿਚੈਂਸਾ ਵਾਲੇ ਹਸਪਤਾਲ ਦੇ ਅਮਰਜੈਂਸੀ ਵਿਭਾਗ ਵਿੱਚ ਲੈ ਕੇ ਗਏ ਤਾਂ ਡਾਕਟਰਾਂ ਨੇ ਇਲਾਜ ਦੌਰਾਨ ਸਿਮਰਜੀਤ ਕੌਰ ਦੇ ਕਿਰਪਾਨ ਪਹਿਨੀ ਦੇਖ ਕੇ ਝਟਪਟ ਪੁਲਸ ਨੂੰ ਫੋਨ ਕਰ ਦਿੱਤਾ। ਪੁਲਸ ਨੇ ਹਸਪਤਾਲ ਪਹੁੰਚ ਕੇ ਉਕਤ ਅੰਮ੍ਰਿਤਧਾਰੀ ਜੋੜੇ ਨੂੰ ਕਿਰਪਾਨਾਂ ਉਤਾਰਨ ਲਈ ਕਿਹਾ ਅਤੇ ਦੱਸਿਆ ਕਿ ਇਟਾਲੀਅਨ ਕਾਨੂੰਨ ਦੇ ਮੁਤਾ-ਬਕ ਤੁਸੀਂ ਇਟਲੀ 'ਚ ਜਨਤਕ ਥਾਵਾਂ 'ਤੇ ਕਿਰਪਾਨ ਪਾ ਕੇ ਨਹੀਂ ਚੱਲ ਸਕਦੇ। ਇਸੇ ਦੌਰਾਨ ਪੁਲਸ ਨੇ ਉਸ ਜੋੜੇ ਖਿਲਾਫ ਕੇਸ ਦਰਜ ਕਰ ਦਿੱਤਾ। ਸਤਨਾਮ ਸਿੰਘ ਨੇ ਇਟਾਲੀਅਨ ਪੁਲਸ ਨੂੰ ਸਿੱਖ ਧਰਮ 'ਚ ਕਿਰਪਾਨ ਦੀ ਮਹੱਤਤਾ ਬਾਰੇ ਦੱਸਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਪੁਲਸ ਨੇ ਕਿਹਾ ਕਿ ਜਨਤਕ ਸੁਰੱਖਿਆ ਦੇ ਮੱਦੇਨਜ਼ਰ ਕੋਈ ਵਿਅਕਤੀ ਹਥਿਆਰ ਜਾਂ ਤੇਜ਼ਧਾਰ ਚਾਕੂ ਜਾਂ ਕਿਰਪਾਨ ਲੈ ਕੇ ਨਹੀਂ ਚੱਲ ਸਕਦਾ ਚਾਹੇ ਉਹ ਧਾਰਮਿਕ ਚਿੰਨ੍ਹ ਹੀ ਕਿਉਂ ਨਾ ਹੋਵੇ।

## ਠੀਕ-ਠਾਕ ਸੁਣਨ ਲਈ ਕੰਨ ਹੀ ਕਟਵਾ ਲਏ

ਸਿਡਨੀ, 3 ਅਪ੍ਰੈਲ (ਪੋਸਟ ਬਿਊਰੋ)- ਸ਼ੌਕ ਵੀ ਬਹੁਤ ਅਜੀਬ ਚੀਜ਼ ਹੁੰਦੀ ਹੈ। ਇੱਕ ਆਸਟਰੇਲੀਆਈ ਵਿਅਕਤੀ ਨੇ ਆਪਣੀ ਸੁਣਨ ਦੀ ਸਮਰੱਥਾ ਵਧਾਉਣ ਲਈ ਆਪਣੇ ਕੰਨ ਕਟਵਾ ਲਏ।

ਵੱਖਰਾ ਦਿਖਾਈ ਦੇਣ ਦੀ ਚਾਹਤ 'ਚ ਅੱਜਕੱਲ੍ਹ ਚੱਲਦੇ ਬਾਡੀ ਮੋਡੀਫਿਕੇਸ਼ਨ ਟ੍ਰੈਂਡ ਦੇ ਚੱਕਰ 'ਚ ਇੱਕ ਆਦਮੀ ਨੇ ਆਪਣੇ ਦੋਵੇਂ ਕੰਨਾਂ ਦੇ ਬਾਹਰੀ ਹਿੱਸੇ ਨੂੰ ਕਟਵਾ ਦਿੱਤਾ ਹੈ, ਜਿਸ ਦੀਆਂ ਤਸਵੀਰਾਂ ਕਾਫੀ ਵਾਇਰਲ ਹੋ ਰਹੀਆਂ ਹਨ। ਵਰਨਣ ਯੋਗ ਹੈ ਕਿ ਇਸ ਆਦਮੀ ਨੇ ਆਪਣੇ ਕੰਨਾਂ ਦਾ ਆਪ੍ਰੇਸ਼ਨ ਸਵੀਡਨ ਤੋਂ ਕਰਾਇਆ ਹੈ। ਚਾਰਲਸ ਬੇਂਟਲੇ ਨਾਂਅ ਦੇ ਵਿਅਕਤੀ ਨੇ ਸੁਣਨ ਦੀ ਸਮਰੱਥਾ ਵਧਾਉਣ ਲਈ ਆਪਣੇ ਕੰਨ ਕਟਾਉਣ ਦੀ ਇੱਛਾ ਪ੍ਰਗਟਾਈ। ਇਸ ਲਈ ਉਸ ਨੇ ਸਵੀਡਨ ਦੇ ਮਸ਼ਹੂਰ ਬਾਡੀ ਮੋਡੀਫਿਕੇਸ਼ਨ ਆਰਟਿਸਟ ਚਾਏ ਮਾਈਬਰਟ ਨਾਲ ਸੰਪਰਕ ਕੀਤਾ। ਕੰਨ ਦੇ ਬਾਹਰੀ ਹਿੱਸੇ ਦੇ ਸਰਕਿਲ ਨੂੰ ਕਾਂਕ ਕਹਿੰਦੇ ਹਨ ਤੇ ਮਾਈਬਰਟ ਨੇ ਦੱਸਿਆ ਕਿ ਇਸ ਆਪ੍ਰੇਸ਼ਨ ਨੂੰ ਕਾਂਕ ਰਿਮੂਵਲ ਕਹਿੰਦੇ ਹਨ, ਜੋ ਕਾਫੀ ਖਤਰਨਾਕ ਪ੍ਰਕਿਰਿਆ ਹੈ ਅਤੇ ਇਸ ਆਪਰੇਸ਼ਨ ਨੂੰ ਦੁਨੀਆ ਦੇ ਕੁਝ ਹੀ ਬਾਡੀ ਮੋਡੀਫਿਕੇਸ਼ਨ ਆਰਟਿਸਟ ਕਰ ਸਕਦੇ ਹਨ। ਮਾਈਬਰਟ ਨੇ ਇਸ ਆਪ੍ਰੇਸ਼ਨ ਨੂੰ ਆਪਣੇ ਸਟਾਕਹੋਮ ਸਥਿਤ ਸਟੂਡੀਓ ਵਿੱਚ ਕੀਤਾ।

ਮੋਡੀਫਿਕੇਸ਼ਨ ਆਰਟਿਸਟ ਮਾਈਬਰਟ ਨੇ ਇੰਸਟਾਗ੍ਰਾਮ 'ਤੇ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਚਾਰਲਸ ਬੇਂਟਲੇ ਦੇ ਕੰਨਾਂ ਦਾ ਮੈਂ ਆਪ੍ਰੇਸ਼ਨ ਕੀਤਾ, ਜੋ ਆਸਟਰੇਲੀਆ ਤੋਂ ਮੇਰੇ ਕੋਲ ਆਪ੍ਰੇਸ਼ਨ ਕਰਾਉਣ ਆਏ ਸਨ। ਮਾਈਬਰਟ ਨੇ ਇੰਸਟਾਗ੍ਰਾਮ ਅਤੇ ਫੇਸਬੁਕ 'ਤੇ ਲਿਖਿਆ ਕਿ ਮੈਂ ਚਾਰਲਸ ਦਾ ਸ਼ੁਕਰਗੁਜ਼ਾਰ ਹਾਂ। ਮੋਡੀਫਿਕੇਸ਼ਨ ਆਰਟਿਸਟ ਚਾਏ ਮਾਈਬਰਟ ਦੀ ਇਸ ਵਾਇਰਸ ਫੇਸਬੁਕ ਪੋਸਟ 'ਤੇ ਹੁਣ ਤੱਕ ਹਜ਼ਾਰਾਂ ਲੋਕ ਕੁਮੈਂਟ ਕਰ ਚੁੱਕੇ ਹਨ।

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
New Basement $1,000 off
Services: Complete Basement, Tiles, Bathrooms, Plumbing, Laminate, Hardwood Floor, Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

Honesty, Reliability, Commitment
Hira Randhawa Broker
HomeLife SilverCity
• 1 yr Home Warranty • Appliances & Furniture
• 40% Discount on Brand Name • Free Evaluation & Lowest Commission
www.hirarandhawa.com
hirarandhawa@yahoo.ca
"OPEN HOUSE UNTIL SOLD"
For all your Real Estate needs: 416.319.0551 or 905.913.8585
$679,000 William Prkwy/Chinguacouasy — All Brick Semi-Detached House In The Most Popular Credit Valley Area. No Carpet In-House, Very Clean, No House Behind, Property Is Not To Be Missed. Close To School Plaza, Transit, Go Station And Parks.
$699,000 Morning Star/Airport — Great Opportunity For 1st Time Buyers. $$$ Upgrades Newly Renovated W/ Granite Counter Top, S/S Appliances, Close To School, 421/401, Westwood Mall, 2 Basement Apartment. One Br & 2 Br Each W/ Separate Entrance. Potential Income $1800/Month From Bsmnt.
$778,900 Charolais & Chinguacouasy — Renovated Bungalow. 3 Good Size Bedrooms Plus Den And 2 Bedroom Finished Basement With Separate Entrance Equipped With Appliances, New Kitchen + New Bathrooms + New Hardwood Very Close To Hwy, Downtown.
$789,000 Chinguacousy/Drinkwater — Spacious Detached 4 Bedrm Home Nestled In A Beautiful Neighbourhood. Freshly Painted, Laminate Flooring, No Carpet In The House. Furnace (2016), Most Of The Windows (2016), Master Bedroom W/I Closet And An Ensuite...

Call For: RESP, SUPER -VISA,& TRAVEL Insurance
H.Randhawa
416-319-0551

FIRST CHOICE FINANCIAL LIMITED
TRUCK LOANS
ਟੱਰਕ ਲੌਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
○ Low Down payment/Flexible Terms
○ Large Inventory of New Trucks & Trailers
○ Quick Approvals ○ Honest Service
○ Best Rate in Town ○ Offices all over Canada
For more Information Contact
Rajdeep: 647.707.4167
Office: 905.678.2424

MICHELIN · HANKOOK · Continental · ROADLUX · BFGoodrich · AEOLUS · COMPASAL · Chevron Delo
BEST TRUCK REPAIR & TIRE CENTRE
We also Specialize in Engine, Transmission, Differential Rebuild, Safety Inspection & All Kinds of Electric Work
ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
7 ਦਿਨ ਖੁੱਲ੍ਹਾ
SPECIAL ON TRUCK ALIGNMENT
BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
Winter Sale Dhamaka
Special OIL CHANGE Rates
1715 Sismet Rd, Mississauga | Call Ranjit: 416.624.8351 | Tel: 905.625.0055

# ਪਾਦਰੀ ਐਂਥਨੀ ਆਪਣੀ ਨਕਦੀ ਦੇ ਸਬੂਤ ਪੇਸ਼ ਨਹੀਂ ਕਰ ਸਕਿਆ

*** ਇਨਕਮ ਟੈਕਸ ਵਿਭਾਗ ਨੇ 9.66 ਕਰੋੜ ਸਰਕਾਰੀ ਖਾਤੇ ਵਿੱਚ ਪਾਏ**

ਲੁਧਿਆਣਾ, 3 ਅਪ੍ਰੈਲ (ਪੋਸਟ ਬਿਊਰੋ)- ਜਲੰਧਰ ਦੇ ਈਸਾਈ ਧਾਰਮਿਕ ਆਗੂ ਫਾਦਰ ਐਂਥਨੀ ਖੰਨਾ ਪੁਲਸ ਵੱਲੋਂ ਉਸ ਤੋਂ ਫੜੀ ਗਈ 9.66 ਕਰੋੜ ਰੁਪਏ ਦੀ ਨਕਦੀ ਦੇ ਜਾਇਜ਼ ਹੋਣ ਦੇ ਸਬੂਤ ਪੇਸ਼ ਨਹੀਂ ਕਰ ਸਕੇ, ਜਿਸ ਕਾਰਨ ਇਨਕਮ ਟੈਕਸ ਵਿਭਾਗ ਨੇ ਸਾਰੀ ਰਕਮ ਸਰਕਾਰੀ ਖਾਤੇ ਵਿੱਚ ਜਮ੍ਹਾ ਕਰਵਾ ਦਿੱਤੀ ਹੈ।

ਵਰਨਣ ਯੋਗ ਹੈ ਕਿ ਕਾਰੋਬਾਰੀ ਸਾਲ 2018-19 ਇਸ 31 ਮਾਰਚ ਨੂੰ ਖਤਮ ਹੋਣ ਕਾਰਨ ਪਾਦਰੀ ਦੀ ਪ੍ਰੇਸ਼ਾਨੀ ਵਧ ਗਈ ਹੈ। ਉਹ ਆਪਣੀ ਫੜੀ ਗਈ ਰਕਮ ਤਦੇ ਵਾਪਸ ਲੈ ਸਕਦਾ ਹੈ, ਜੇ ਵਿੱਤੀ ਸਾਲ 2018 ਦੀ ਰਿਟਰਨ ਭਰੇਗਾ। ਇਸ ਦੇ ਬਾਅਦ ਇਨਕਮ ਟੈਕਸ ਵਿਭਾਗ ਉਸ ਰਿਟਰਨ ਦੀ ਅਸੈਸਮੈਂਟ ਕਰੇਗਾ ਅਤੇ ਅਸੈਸਮੈਂਟ ਠੀਕ ਹੋਈ ਤਾਂ ਪਾਦਰੀ ਇਹ ਰਕਮ ਵਾਪਸ ਲੈ ਸਕੇਗਾ। ਪਾਦਰੀ ਤੇ ਉਸ ਦੇ ਛੇ ਸਾਥੀਆਂ ਤੋਂ 9.66 ਕਰੋੜ ਰੁਪਏ ਫੜੇ ਜਾਣ ਪਿੱਛੋਂ ਖੰਨਾ ਪੁਲਸ ਨੇ ਅਗਲੀ ਜਾਂਚ ਲਈ ਮਾਮਲਾ ਇਨਕਮ ਟੈਕਸ ਵਿਭਾਗ ਨੂੰ ਸੌਂਪ ਕੇ 9.66 ਕਰੋੜ ਰੁਪਏ ਦੀ ਸਪੁਰਦਗੀ ਦੇ ਦਿੱਤੀ ਸੀ। ਇਨਕਮ ਟੈਕਸ ਵਿਭਾਗ (ਇਨਵੈਸਟੀਗੇਸ਼ਨ) ਦੇ ਜਾਇੰਟ ਡਾਇਰੈਕਟਰ ਰਿਤੇਸ਼ ਪਰਮਾਰ ਨੇ ਦੱਸਿਆ ਕਿ ਇਸ ਰਕਮ ਦੇ ਕਾਗਜ਼ਾਤ ਪਾਦਰੀ ਵੱਲੋਂ ਪੇਸ਼ ਨਾ ਕੀਤੇ ਜਾਣ ਤੋਂ ਸਾਫ ਹੈ ਕਿ ਪੈਸਾ ਗਿਣਤੀ ਤੋਂ ਬਾਹਰਾ ਹੈ, ਇਸ ਕਾਰਨ ਇਹ ਸਰਕਾਰੀ ਬੈਂਕ ਖਾਤੇ ਵਿੱਚ ਜਮ੍ਹਾ ਕਰਵਾ ਦਿੱਤਾ ਹੈ।

ਫਾਦਰ ਐਂਥਨੀ ਅਤੇ ਉਸ ਦੇ ਛੇ ਸਾਥੀਆਂ ਤੋਂ ਇੰਨੀ ਵੱਡੀ ਰਕਮ ਨਕਦ ਮਿਲਣ ਪਿੱਛੋਂ ਇਨਕਮ ਟੈਕਸ ਵਿਭਾਗ ਨੇ ਉਨ੍ਹਾਂ ਦੇ ਜਲੰਧਰ ਵਾਲੇ ਘਰ ਅਤੇ ਲੁਧਿਆਣਾ ਦੇ ਸਰਵੋਦਿਆ ਬੁਕਸ ਸੈਲਰ ਦੀ ਦੁਕਾਨ ਅਤੇ ਘਰ 'ਤੇ ਛਾਪਾ ਮਾ-ਰਆ ਗਿਆ ਸੀ, ਜਿਸ ਦੌਰਾਨ ਵਿਭਾਗ ਨੂੰ ਕਰੋੜਾਂ ਰੁਪਏ ਦੀ ਪ੍ਰਾਪਰਟੀ ਤੇ ਨਕਦੀ ਦੇ ਦਸਤਾਵੇਜ਼ ਮਿਲੇ ਹਨ।

# ਨਕੋਦਰ ਗੋਲੀ ਕਾਂਡ ਕੇਸ ’ਤੇ ਸੁਣਵਾਈ 8 ਮਈ ਨੂੰ

*** ਸਾਬਕਾ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਪੇਸ਼ ਕਰਨ ਦੀ ਹਦਾਇਤ**

ਚੰਡੀਗੜ੍ਹ, 3 ਅਪ੍ਰੈਲ (ਪੋਸਟ ਬਿਊਰੋ)- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁੱਧ ਰੋਸ ਪ੍ਰਗਟ ਕਰਦੇ ਸਿੱਖਾਂ ਉੱਤੇ 1986 ਵਿੱਚ ਵਾਪਰੇ ਨਕੋਦਰ ਗੋਲੀ ਕਾਂਡ ਦੇ ਕੇਸ ਵਿੱਚ ਕੱਲ੍ਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਫਿਰ ਟਲ ਗਈ ਹੈ। ਹਾਈ ਕੋਰਟ ਬੈਂਚ ਨੇ ਸ਼ਿਕਾਇਤ ਕਰਤਾ ਨੂੰ ਸਾਬਕਾ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਦਾ ਦੂਜਾ ਭਾਗ ਪੇਸ਼ ਕਰਨ ਲਈ ਕਹਿ ਕੇ ਸੁਣਵਾਈ 8 ਮਈ ਉੱਤੇ ਪਾ ਦਿੱਤੀ ਹੈ। ਵਰਨਣ ਯੋਗ ਹੈ ਕਿ ਗੋਲੀ ਕਾਂਡ ਵਿੱਚ ਮਾਰੇ ਗਏ ਚਾਰ ਨੌਜਵਾਨਾਂ 'ਚੋਂ ਇੱਕ ਰਵਿੰਦਰ ਸਿੰਘ ਲਿੱਤਰਾ ਦੇ ਪਿਤਾ ਬਲਦੇਵ ਸਿੰਘ ਨੇ ਹਾਈ ਕੋਰਟ ਨੂੰ ਪਟੀਸ਼ਨ ਦਾਇਰ ਕਰ ਕੇ ਮੰਗ ਕੀਤੀ ਹੈ ਕਿ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਵੱਲੋਂ ਨਕੋਦਰ ਗੋਲੀ ਕਾਂਡ ਦੀ ਜਾਂਚ ਲਈ ਬਣੇ ਸਾਬਕਾ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਕਾਰਵਾਈ ਕੀਤੀ ਜਾਵੇ।




ਇਸ ਪਟੀਸ਼ਨ ਹੇਠ ਅਕਾਲੀ ਦਲ ਦੇ ਫਤਿਹਗੜ੍ਹ ਸਾਹਿਬ ਤੋਂ ਲੋਕ ਸਭਾ ਉਮੀਦਵਾਰ ਦਰਬਾਰਾ ਸਿੰਘ ਗੁਰੂ (ਓਦੋਂ ਦੇ ਜਲੰਧਰ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ) ਸਣੇ ਕਈ ਸਾਬਕਾ ਅਧਿਕਾਰੀਆਂ ਖਿਲਾਫ ਕਾਰਵਾਈ ਮੰਗੀ ਗਈ ਹੈ। ਨਕੋਦਰ ਸਾਕੇ ਵਜੋਂ ਜਾਣੇ ਜਾਂਦੇ ਇਸ ਕਾਂਡ ਵਿੱਚ ਦੋ ਫਰਵਰੀ 1986 ਨੂੰ ਨਕੋਦਰ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਸੜ ਗਏ ਸਨ। ਇਸ ਦੇ ਵਿਰੁੱਧ ਚਾਰ ਫਰਵਰੀ 1986 ਨੂੰ ਰੋਸ ਪ੍ਰਗਟ ਕਰਦੇ ਸਿੱਖਾਂ 'ਤੇ ਪੰਜਾਬ ਪੁਲਸ ਨੇ ਗੋਲੀ ਚਲਾਈ ਤਾਂ ਇਸ ਵਿੱਚ ਚਾਰ ਨੌਜਵਾਨ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਗੜ੍ਹ, ਝਿਲਮਣ ਸਿੰਘ ਗੋਰਸੀਆਂ ਤੇ ਹਰਮਿੰਦਰ ਸਿੰਘ ਮਾਰੇ ਗਏ ਸਨ, ਜਿਨ੍ਹਾਂ ਦਾ ਮੁੱਦਾ ਇਸ ਵਕਤ ਗਰਮ ਹੈ।

# ਕਾਂਗਰਸ ਵੱਲੋਂ ਮਾਣਹਾਨੀ ਬਾਰੇ ਕਾਨੂੰਨੀ ਧਾਰਾ ਖਤਮ ਕਰ ਦੇਣ ਦਾ ਵਾਅਦਾ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੇ ਆਪਣੇ ਮੈਨੀਫੈਸਟੋ ਵਿੱਚ ਮਾਣਹਾਨੀ ਬਾਰੇ ਆਈ ਪੀ ਸੀ ਦੀ ਧਾਰਾ ਖਤਮ ਕਰਨ ਦਾ ਵਾਅਦਾ ਕਰ ਲਿਆ ਹੈ। ਕਰੀਬ ਤਿੰਨ ਸਾਲ ਪਹਿਲਾਂ ਸੁਪਰੀਮ ਕੋਰਟ ਨੇ ਇਸ ਬਾਰੇ ਉਨ੍ਹਾਂ ਦੀ ਪਟੀਸ਼ਨ 'ਤੇ ਇਹ ਧਾਰਾ ਖਤਮ ਕਰਨ ਤੋਂ ਨਾਂਹ ਕਰ ਦਿੱਤੀ ਸੀ। ਰਾਹੁਲ ਗਾਂਧੀ ਦੇ ਇਲਾਵਾ ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਹੋਰ ਨੇਤਾ ਵੀ ਇਸ ਤਰ੍ਹਾਂ ਦੇ ਕੇਸ ਵਿੱਚ ਸੁਪਰੀਮ ਕੋਰਟ ਤੋਂ ਰਾਹਤ ਹਾਸਲ ਕਰਨ ਵਿੱਚ ਨਾਕਾਮ ਰਹੇ ਹਨ।

ਵਰਨਣ ਯੋਗ ਹੈ ਕਿ ਸੁਪਰੀਮ ਕੋਰਟ ਨੇ 13 ਮਈ 2016 ਨੂੰ 150 ਸਾਲ ਪੁਰਾਣੇ ਇਸ ਨਿਯਮ ਨੂੰ ਖਤਮ ਕਰਨ ਬਾਰੇ ਰਾਹੁਲ ਗਾਂਧੀ ਦੀ ਪਟੀਸ਼ਨ ਰੱਦ ਕਰਦੇ ਹੋਏ ਉਨ੍ਹਾਂ ਨੂੰ ਦਰਜ ਅਪਰਾਧਕ ਮਾਮਲੇ ਦਾ ਸਾਹਮਣਾ ਕਰਨ ਨੂੰ ਕਿਹਾ ਸੀ। ਓਦੋਂ ਦੇ ਚੀਫ ਜਸਟਿਸ ਦੀਪਕ ਮਿਸ਼ਰਾ ਦਾ ਕਹਿਣਾ ਸੀ ਕਿ ਕਿਸੇ ਦੇ ਬੋਲਣ ਦੀ ਆਜ਼ਾਦੀ ਦੇ ਅਧਿਕਾਰ ਦੀ ਕੀਮਤ 'ਤੇ ਕਿਸੇ ਹੋਰ ਦੇ ਸਤਿਕਾਰ ਦੀ ਬਲੀ ਚੜ੍ਹਾਉਣ ਦੀ ਖੁੱਲ੍ਹ ਨਹੀਂ ਦਿੱਤੀ ਜਾ ਸਕਦੀ। ਕੱਲ੍ਹ ਜਾਰੀ ਕੀਤੇ ਚੋਣ ਮੈਨੀਫੈਸਟੋ ਵਿੱਚ ਕਾਂਗਰਸ ਪਾਰਟੀ ਨੇ ਇਹ ਖਤਮ ਕਰਨ ਅਤੇ ਮਾਣਹਾਨੀ ਨੂੰ ਸਿਵਲ ਆਫੈਂਸ ਬਣਾਉਣ ਦਾ ਵਾਅਦਾ ਕੀਤਾ ਹੈ। ਮਸ਼ਹੂਰ ਵਕੀਲ ਸੋਲੀ ਸੋਰਾਬਜੀ ਨੇ ਕਾਂਗਰਸ ਦੇ ਚੋਣ ਐਲਾਨ ਪੱਤਰ ਵਿੱਚ ਅਪਰਾਧਕ ਮਾਣਹਾਨੀ ਅਤੇ ਰਾਜਧ੍ਰੋਹ ਅਤੇ ਅੰਗਰੇਜ਼ੀ ਰਾਜ ਵਿੱਚ ਬਣੇ ਕਾਨੂੰਨਾਂ ਨੂੰ ਰੱਦ ਕਰਨ ਦੇ ਵਾਅਦੇ ਨੂੰ ਬਕਵਾਸ ਤੇ ਗੈਰ ਵਿਹਾਰਕ ਕਿਹਾ ਹੈ।

ਕਾਂਗਰਸ ਨੇ ਆਪਣੇ ਚੋਣ ਐਲਾਨ ਪੱਤਰ ਵਿੱਚ ਇਹ ਵੀ ਵਾਅਦਾ ਕੀਤਾ ਹੈ ਕਿ ਸਰਕਾਰ ਬਣੇਗੀ ਤਾਂ ਉਹ ਭੜਕੀ ਹੋਈ ਭੀੜ ਵੱਲੋਂ ਕਤਲ (ਲਿੰਚਿੰਗ) ਅਤੇ ਘਿਨੌਣੇ ਅਪਰਾਧਾਂ ਦੇ ਖਿਲਾਫ ਪਾਰਲੀਮੈਂਟ ਦੇ ਪਹਿਲੇ ਸੈਸ਼ਨ ਵਿੱਚ ਕਾਨੂੰਨ ਪਾਸ ਕਰੇਗੀ। ਪਾਰਟੀ ਨੇ ਕਿਹਾ, ਅਸੀਂ ਨਵੀਂ ਲੋਕ ਸਭਾ ਦੇ ਪਹਿਲੇ ਸੈਸ਼ਨ ਵਿੱਚ ਅਤੇ ਨਾਲ ਰਾਜ ਸਭਾ ਵਿੱਚ ਲਿੰਚਿੰਗ ਅਤੇ ਨਫਰਤ ਭਰੇ ਅਪਰਾਧਾਂ ਦੀ ਰੋਕਥਾਮ ਅਤੇ ਸਜ਼ਾ ਦੇਣ ਦਾ ਨਵਾਂ ਕਾਨੂੰਨ ਪਾਸ ਕਰਾਵਾਂਗੇ। ਇਸ ਕਾਨੂੰਨ ਵਿੱਚ ਪੀੜਤਾਂ ਨੂੰ ਮੁਆਵਜ਼ਾ ਦੇਣ ਤੇ ਲਾਪਰਵਾਹੀ ਲਈ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਜ਼ਿੰਮੇਵਾਰੀ ਠਹਿਰਾਉਣ ਦੇ ਨਿਯਮ ਲਾਗੂ ਹੋਣਗੇ। ਇਹੀ ਨਹੀਂ, ਕਾਂਗਰਸ ਨੇ ਇਹ ਵੀ ਵਾਅਦਾ ਕੀਤਾ ਕਿ ਕੇਂਦਰ ਵਿੱਚ ਪਾਰਟੀ ਦੀ ਸਰਕਾਰ ਬਣਨ 'ਤੇ ਉਹ ਪੁਡੂਚੇਰੀ ਨੂੰ ਪੂਰੇ ਰਾਜ ਦਾ ਦਰਜਾ ਦੇਵੇਗੀ ਅਤੇ ਦਿੱਲੀ ਵਿੱਚ ਲੈਫਟੀਨੈਂਟ ਗਵਰਨਰ ਦੇ ਅਧਿਕਾਰ ਸਪੱਸ਼ਟ ਕਰਨ ਲਈ ਕਾਨੂੰਨ ਵਿੱਚ ਸੋਧ ਕਰੇਗੀ।

# ਦੁਨੀਆ ਦੇ 113 ਕਰੋੜ ਲੋਕਾਂ ਸਾਹਮਣੇ ਭੋਜਨ ਦਾ ਸੰਕਟ

ਯੂ ਐਨ, 3 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਸਾਲ ਦੁਨੀਆ ਦੇ 53 ਦੇਸ਼ਾਂ ਵਿੱਚ 11.3 ਕਰੋੜ ਤੋਂ ਵੱਧ ਲੋਕ ਜੰਗ ਅਤੇ ਵਾਤਾਵਰਨ ਨਾਲ ਸਬੰਧਤ ਆਫਤਾਂ ਕਾਰਨ ‘ਭੋਜਨ ਦੀ ਵੱਡੀ ਘਾਟ' ਦਾ ਸ਼ਿਕਾਰ ਹੋਏ ਅਤੇ ਸਭ ਤੋਂ ਵੱਧ ਪ੍ਰਭਾਵਿਤ ਅਫਰੀਕਾ ਰਿਹਾ ਹੈ। ਇਹ ਜਾਣਕਾਰੀ ਯੂ ਐਨ ਵੱਲੋਂ ਦਿੱਤੀ ਗਈ ਹੈ।



ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਐਫ ਏ ਓ) ਨੇ ਭੋਜਨ ਸੰਕਟ ਬਾਰੇ ਆਪਣੀ ਸਾਲ 2019 ਦੀ ਰਿਪੋਰਟ ਵਿੱਚ ਕਿਹਾ ਹੈ ਕਿ ਯਮਨ, ਕਾਂਗੋ ਲੋਕਤੰਤਰ ਗਣਰਾਜ, ਅਫਗਾਨਿਸਤਾਨ ਤੇ ਸੀਰੀਆ ਉਨ੍ਹਾਂ ਅੱਠ ਦੇਸ਼ਾਂ ਵਿੱਚ ਸ਼ਾਮਲ ਹਨ, ਜਿਥੇ ਭੁੱਖਮਰੀ ਦੇ ਸ਼ਿਕਾਰ ਲੋਕਾਂ ਦਾ ਦੋ ਤਿਹਾਈ ਹਿੱਸਾ ਹੈ। ਤਿੰਨ ਸਾਲ ਪਹਿਲਾਂ ਸ਼ੁਰੂ ਹੋਏ ਇਸ ਸਾਲਾਨਾ ਅਧਿਐਨ ਦੌਰਾਨ ਇਸ ਭਿਆਨਕ ਸੰਕਟ ਨਾਲ ਜੂਝ ਰਹੇ ਦੇਸ਼ਾਂ ਦਾ ਜਾਇਜ਼ਾ ਲਿਆ ਜਾਂਦਾ ਹੈ। ਐਫ ਏ ਓ ਦੇ ਆਫਤਾਂ ਬਾਰੇ ਡਾਇਰੈਕਟਰ ਡੋਮਨਿਕ ਬੋਰਜੁਆ ਨੇ ਦੱਸਿਆ ਕਿ ਇਸ ਸੰਕਟ ਦੀ ਸਭ ਤੋਂ ਵੱਧ ਮਾਰ ਅਫਰੀਕੀ ਦੇਸ਼ਾਂ ਨੂੰ ਪਈ ਹੈ, ਜਿਥੇ 7.2 ਕਰੋੜ ਲੋਕ ਭੋਜਨ ਦੀ ਕਮੀ ਦੇ ਗੰਭੀਰ ਸੰਕਟ ਨਾਲ ਜੂਝ ਰਹੇ ਹਨ। ਰਿਪੋਰਟ ਦੇ ਅਨੁਸਾਰ ਇਸ ਲਈ ਆਰਥਿਕ ਉਥਲ ਪੁਥਲ ਅਤੇ ਵਾਤਾਵਰਨ ਆਫਤਾਂ ਜਿਵੇਂ ਸੋਕਾ, ਹੜ੍ਹ ਤੋਂ ਇਲਾਵਾ ਸੰਘਰਸ਼ ਅਤੇ ਅਸੁਰੱਖਿਆ ਅਹਿਮ ਕਾਰਨ ਹਨ। ਉਨ੍ਹਾਂ ਕਿਹਾ ਕਿ ਭੁੱਖਮਰੀ ਦੇ ਕੰਢੇ ਖੜੇ ਦੇਸ਼ਾਂ ਵਿੱਚ 80 ਫੀਸਦੀ ਲੋਕ ਖੇਤੀਬਾੜੀ 'ਤੇ ਨਿਰਭਰ ਹਨ। ਉਨ੍ਹਾਂ ਨੂੰ ਭੋਜਨ ਲਈ ਵੱਡੇ ਪੱਧਰ 'ਤੇ ਸਹਾਇਤਾ ਦਿੱਤੇ ਜਾਣ ਦੀ ਲੋੜ ਹੈ ਤੇ ਖੇਤੀਬਾੜੀ ਵਿੱਚ ਸੁਧਾਰ ਲਈ ਕਦਮ ਚੁੱਕੇ ਜਾਣ ਦੀ ਵੀ ਜ਼ਰੂਰਤ ਹੈ। ਇਸ ਰਿਪੋਰਟ ਵਿੱਚ ਵੱਡੀ ਗਿਣਤੀ ਸ਼ਰਨਾਰਥੀਆਂ ਨੂੰ ਸ਼ਰਨ ਦੇਣ ਵਾਲੇ ਮੁਲਕਾਂ, ਜੰਗ ਪ੍ਰਭਾਵਿਤ ਸੀਰੀਆ ਦੇ ਗੁਆਂਢੀ ਮੁਲਕਾਂ 'ਤੇ ਪੈਣ ਵਾਲੇ ਦਬਾਵਾਂ ਨੂੰ ਵੀ ਉਭਾਰਿਆ ਗਿਆ ਹੈ। ਇਨ੍ਹਾਂ ਮੁਲਕਾਂ ਵਿੱਚ ਬੰਗਲਾ ਦੇਸ਼ ਵੀ ਸ਼ਾਮਲ ਹੈ, ਜਿਥੇ ਮੀਆਂਮਾਰ ਦੇ ਲੱਖਾਂ ਰੋਹਿੰਗਾ ਸ਼ਰਨਾਰਥੀ ਹਨ।

# ਰਫਾਲ ਘੋਟਾਲੇ ਉੱਤੇ ਕਿਤਾਬ ਬੈਨ ਤੇ ਕਾਪੀਆਂ ਜ਼ਬਤ ਹੋਈਆਂ

ਨਵੀਂ ਦਿੱਲੀ, 3 ਅਪ੍ਰੈਲ (ਪੋਸਟ ਬਿਊਰੋ)- ਫਰਾਂਸ ਤੋਂ ਰਫਾਲ ਜੰਗੀ ਜਹਾਜ਼ ਖਰੀਦਣ ਵਿੱਚ ਹੋਏ ਘੋਟਾਲੇ ਉੱਤੇ ਤਮਿਲ ਭਾਸ਼ਾ ਵਿੱਚ ਲਿਖੀ ਇੱਕ ਕਿਤਾਬ 'ਤੇ ਕੱਲ੍ਹ ਵਿਵਾਦ ਛਿੜ ਗਿਆ। ਮੀਡੀਆ ਰਿਪੋਰਟਰਾਂ ਵੱਲੋਂ ਦਾਅਵਾ ਕੀਤਾ ਗਿਆ ਕਿ ਪਬਲਿਸ਼ਰਾਂ ਨੂੰ ਇਸ ਕਿਤਾਬ 'ਤੇ ਬੈਨ ਬਾਰੇ ਹੱਥ ਨਾਲ ਲਿਖਿਆ ਹੁਕਮ ਸੌਂਪ ਕੇ ਸਾਰੀਆਂ ਕਾਪੀਆਂ ਜ਼ਬਤ ਕਰ ਲਈਆਂ ਗਈਆਂ ਹਨ। ਕਿਤਾਬ ਦਾ ਕੱਲ੍ਹ ਹੀ ਚੇਨਈ ਵਿੱਚ ਰੀਵਿਊ ਹੋਣਾ ਸੀ।



ਇਸ ਮੁੱਦੇ 'ਤੇ ਹੰਗਾਮਾ ਵਧਦਾ ਦੇਖ ਕੇ ਚੋਣ ਕਮਿਸ਼ਨਰ ਅਸ਼ੋਕ ਲਵਾਸਾ ਨੇ ਇੱਕ ਟਵੀਟ ਕਰ ਕੇ ਕਿਹਾ, ਨਾ ਚੋਣ ਕਮਿਸ਼ਨ ਅਤੇ ਨਾ ਹੀ ਤਾਮਿਲ ਨਾਡੂ ਦੇ ਮੁੱਖ ਚੋਣ ਅਧਿਕਾਰੀ ਨੇ ਕਿਤਾਬ ਜ਼ਬਤ ਕਰਨ ਬਾਰੇ ਕੋਈ ਹੁਕਮ ਦਿੱਤਾ ਹੈ। ਮੈਂ ਚੇਨਈ ਦੇ ਜ਼ਿਲ੍ਹਾ ਚੋਣ ਅਧਿਕਾਰੀ ਨੂੰ ਇਸ ਕੇਸ ਦੀ ਜਾਂਚ ਕਰ ਕੇ ਤੁਰੰਤ ਰਿਪੋਰਟ ਭੇਜਣ ਲਈ ਕਿਹਾ ਹੈ। ਇਸੇ ਹੰਗਾਮੇ ਦੌਰਾਨ ਮਾਰਕਸੀ ਕਮਿਊਨਿਸਟ ਪਾਰਟੀ ਜਨਰਲ ਸੈਕਟਰੀ ਸੀਤਾਰਾਮ ਯੇਚੁਰੀ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਟਵੀਟ ਕੀਤਾ, ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਰਫਾਲ ਘੋਟਾਲੇ ਅਤੇ ਇਸ 'ਤੇ ਆਧਾਰਤ ਕਿਸੇ ਕਿਤਾਬ ਤੋਂ ਕੌਣ ਡਰਿਆ ਹੋਇਆ ਹੈ।


## AZ ਡਰਾਇਵਰਾਂ ਦੀ ਲੋੜ ਹੈ

“New Drivers are welcome”

- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟਰੱਕ



ਟੀਮ ਡਰਾਇਵਰਾਂ ਦੀ Texas, USA ਲਈ ਡੈਡੀਕੇਟਡ ਰਨ ਲਈ ਲੋੜ ਹੈ

647.456.8520 | 416.904.0715






Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202


## ਲੜਕੀ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5’-9”, ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੈਨੇਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /Study ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੈਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਰਾਮਗੜ੍ਹੀਆ ਕੇਨੈਡੀਅਨ ਸਿਟੀਜ਼ਨ, ਉਮਰ 24 ਸਾਲ, ਕੱਦ 5’-6”, Pharmacy Graduate ਤੇ ਆਪਣਾ ਟਰੱਕਿੰਗ ਬਿਜ਼ਨਸ ਚਲਾ ਰਹੇ ਲੜਕੇ ਲਈ ਸੁੰਦਰ ਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। Send Bio data Recent photo at whatsapp +1 647-294-1068 or +1 289-242-8681

